ਮਾਸਕ ਪਤਰ

# ਅਜੂਨੀ

ਜਨਵਰੀ-ਫਰਵਰੀ-ਮਾਰਚ 1985

## ਦਮਦਮਾ ਅਸਥਾਨ ਮਨਸੂਰਾਂ



ਧੰਨ ਧੰਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜੋਤੀ ਜੋਤ ਸਮਾਗਮ ਆਪ ਜੀ ਦੇ ਦਮਦਮਾ ਅਸਥਾਨ ਮਨਸੂਰਾਂ (ਲੁਧਿਆਣਾ) ਵਿਖੇ 28 ਤੋਂ 30 ਜੂਨ ਨੂੰ ਸਰਧਾ ਨਾਲ ਮਨਾਇਆ ਜਾ ਰਿਹਾ ਹੈ ।

# ਤੱਤਕਰਾ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | 1 |
| 2. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ | 3 |
| 3. | ਗੁਰ-ਦੀਖਿਆ | ਮੁਖ ਲੇਖ | 6 |
| 4. | ਰਾਜਾ ਜੋਗੀ | ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ | 10 |
| 5. | ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ-ਦੇਵਤਰੂ | ਪੁਰਾਤਨ ਸਾਖੀ | 15 |
| 6. | Guru Nanak's impact on History | The Punjab Past & Present 1969 Ganda Singh | 17 |
| 7. | ਸੰਤਾਨਕ ਸਮਾਚਾਰ ਗੁਰਗੱਦੀ (ਧਰਮ ਪ੍ਰਚਾਰ) | | 28 |



Statement about the ownership and other particulars about (Ajuni)
as required by registration of newspaper (central) rules 1956

## FORM IV

( See Rule 8 )

| | | |
|---|---|---|
| 1. Place of Publication | ... | Mansooran (Ludhiana) |
| 2. Period of its Publication | ... | Monthly |
| 3. Printer's Name | ... | Sh. Hazur Baba Madhsudan Singh Bedi |
| Nationality | ... | Indian |
| 4. Publisher's Name | ... | —do— |
| Nationality | ... | Indian |
| 5. Editor's Name | | —do— |
| Nationality | ... | Indian |

6. The Ajuni is concluded by Gur Gaddi Shri Hazur Baba Sahib Singh Bedi.

I, Madhsudan Singh Bedi hereby declare that the particulars given above are true to the best of my knowledge and belief.

28 March 1985

Signature of Publisher
Sd/- Shri Hazur Baba Madhsudan Singh Bedi
V. Mansooran D. Ludhiana.

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਮਨਸੂਰਾਂ (ਲੁਧਿਆਣਾ) ਨੇ ਲਾਇਲਪੁਰ ਪ੍ਰਿੰਟਿੰਗ ਪ੍ਰੈਸ, ਨੌਲੱਖਾ ਸਿਨਮਾ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫਤਰ 'ਅਜੂਨੀ' ਮਨਸੂਰਾਂ ਤੋਂ

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ

ਮਾਸਕ **ਅਜੂਨੀ** ਮਨਸੂਰਾਂ (ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਬੇਦੀ

ਸਾਲ 16 ] ਜਨਵਰੀ-ਫਰਵਰੀ-ਮਾਰਚ 1985 1, 2, 3

# ਬਿਲਾਵਲ ਮਹਲਾ ੫

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਸਤਿਨਾਮ ਵਾਹਿਗੁਰੂ

ਧੰਨ
ਗੁਰੂ ਨਾਨਕ

ੴ

ਧੰਨ
ਗੁਰੂ ਨਾਨਕ

# ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

ਵਲੋਂ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ 'ਬੇਦੀ' ਗੱਦੀ-ਨਸ਼ੀਨ

"ਆਇ ਮਿਲ ਗੁਰਸਿਖ ਆਇ ਮਿਲ ਤੂੰ ਮੇਰੇ ਗੁਰੂ ਕੇ ਪਿਆਰੇ"

ਸ੍ਰੀਮਾਨ ਜੀ ਨੂੰ ਗੁਰੂ ਘਰ ਦੀਆਂ ਖੁਸ਼ੀਆਂ ਪੁਜਣ **ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ** ਗੁਰੂ ਨਾਨਕ ਪਾਤਸ਼ਾਹ ਦੀ ੧੧ ਵੀਂ ਸੰਤਾਨਕ ਜੋਤ ਦਾ **ਜੋਤੀ ਜਤ ਸਮਾਗਮ** ਹਰ ਸਾਲ ਵਾਂਗ ਆਪ ਜੀ ਦੇ **ਦਮਦਮਾ ਅਸਥਾਨ ਮਨਸੂਰਾਂ** ਵਿਖੇ 28 ਤੋਂ 30 ਜੂਨ 1985 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। 21 ਅਖੰਡ ਪਾਠਾਂ ਦਾ ਭੋਗ 30 ਜੂਨ ਐਤਵਾਰ ਨੂੰ ਪਵੇਗਾ।

"ਝਖੜ ਝਾਗੀ ਮੀਂਹ ਵਰਸੈ ਭੀ ਗੁਰ ਦੇਖਣ ਜਾਈ।
ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰਸਿਖ਼ ਲੰਘਿ ਗੁਰੂ ਪਹਿ ਜਾਈ।"

ਆਪ ਜੀ ਦਾ ਅਲੌਕਿਕ **ਜਲੂਸ** 27 ਜੂਨ ਨੂੰ ਜੋਧਾਂ ਅਤੇ 28 ਜੂਨ ਨੂ ਮਨਸੂਰਾਂ ਵਿਖੇ ਦਿਨ ਦੇ 2 ਵਜੇ ਨਿਕਲੇਗਾ। ਗੁਰੂ ਕਾ ਲੰਗਰ ਅਤੁਟ ਵਰਤੇਗਾ। ਰਾਗੀ, ਢਾਡੀ, ਪ੍ਰਚਾਰਕ ਦੀਵਾਨਾਂ ਵਿਚ ਸੰਗਤਾਂ ਨੂੰ ਕੀਰਤਨ ਤੇ ਗੁਰਇਤਹਾਸ ਸੁਣਾਉਣਗੇ। ਆਪ ਸਮੇਤ ਪ੍ਰਵਾਰ/ਸੰਗਤ ਦੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ।

## ਜ਼ਰੂਰੀ ਬੇਨਤੀਆਂ

1. ਅਖੰਡ ਪਾਠ 20 ਜੂਨ ਨੂੰ ਅਰੰਭ ਹੋ ਜਾਣਗੇ। ਜਿਨ੍ਹਾਂ ਸੱਜਣਾਂ ਨੇ ਰਖਵਾਉਣੇ ਹੋਣ ਪਤਾ ਘੱਲ ਦੇਣ ਤਾਂ ਕਿ ਪ੍ਰਬੰਧ ਹੋ ਸਕੇ।
2. ਜੋ ਮਾਇਆ ਘਲਣੀ ਜਾਂ ਦੇਣੀ ਯੋਗ ਸਮਝੀ ਜਾਵੇ, ਰਸੀਦ ਲੈ ਕੇ ਦਾਖਲ ਕੀਤੀ ਜਾਵੇ ਕਿ ਆਪ ਦੇ ਹੁਕਮ ਅਨੁਸਾਰ ਵਰਤੀ ਜਾ ਸਕੇ **ਜੇ ਮਨੀਆਰਡਰ ਘਲਣਾ ਹੋਵੇ ਤਾਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੇ ਨਾਮ ਤੇ ਘਲਿਆ ਜਾਵੇ।**
3. ਬਿਸਤਰੇ ਲੋੜ ਅਨੁਸਾਰ ਲਈ ਆਉਣੇ, ਲੰਗਰ ਗੁਰੂ ਕਾ ਅਤੁਟ ਵਰਤੇਗਾ।
4. **ਅੰਮ੍ਰਿਤ ਦਾ ਬਾਟਾ 29 ਜੂਨ ਨੂੰ ਤਿਆਰ ਹੋਵੇਗਾ। ਅੰਮ੍ਰਿਤ ਅਭਿਲਾਖੀ ਆਪਣਾ ਨਾਮ ਪਤਾ ਲਿਖ ਘੱਲਣ।**

ਸੇਵਾਦਾਰ ਗੁਰਗੱਦੀ

# ਸੰਪਾਦਕੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੀ ਕੱਲਮ ਤੋਂ

## ਗੁਰਸਿੱਖ ਨੂੰ ਪੁਕਾਰ

ਆਇ ਮਿਲ ਗੁਰਸਿੱਖ ਆਇ ਮਿਲ ਤੂੰ ਮੇਰੇ ਗੁਰੂ ਕੇ ਪਿਆਰੇ ।

ਗੁਰੂ ਸ਼ਬਦ ਤੋਂ ਮੁਰਾਦ ਗੁਰੂ ਨਾਨਕ ਪਾਤਸ਼ਾਹ ਹਨ । ਜੋ ਅੱਜ ਵੀ ਹਾਜ਼ਰ ਨਾਜ਼ਰ ਹਨ । ਜੋ ਦੱਸਾਂ ਜੋਤਾਂ ਵਿਚ ਆਏ । ਔਰ ਅੱਜ ਘੋਰ ਕਲਯੁੱਗ ਦੇ ਵਿਚ ਆਪਣਾ ਗਿਆਨ ਲਿਖਤੀ ਰੂਪ ਵਿਚ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਬਖਸ਼ ਗਏ । ਜੋ ਇਸ ਗੁਰਬਾਣੀ ਨੂੰ ਅਪਣਾਉਂਦਾ ਹੈ । ਔਰ ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਹਾਜ਼ਰ ਨਾਜ਼ਰ ਗੁਰੂ ਕਰ ਕੇ ਜਾਣਦਾ ਹੈ । ਇਨ੍ਹਾਂ ਗੁਰਸਿੱਖਾਂ ਤੇ ਕਦੇ ਕੋਈ ਸੰਕਟ ਨਹੀਂ ਆਉਂਦਾ । ਦੁੱਖ ਦਲਿੱਦਰ ਦੂਰ ਰਹਿੰਦੇ ਹਨ ਅਰ ਸੰਤੋਖ ਵਿਚ ਰਹਿੰਦੇ ਹਨ । ਉਹ ਗੁਰਸਿੱਖ ਤਾਂ ਪਾਤਸ਼ਾਹ ਦੇ ਕੱਥਨ ਅਨੁਸਾਰ ਆਦਿ ਵਿਚ ਵੀ ਸੱਚੇ ਸਨ । ਜੁਗਾਦਿ ਵਿਚ ਵੀ ਸੱਚੇ ਰਹੇ, ਤੇ ਸਮੇਂ ਵਿਚ ਵੀ ਸੱਚੇ ਰਹਿਣਗੇ । ਔਰ ਅਗੇ ਨੂੰ ਆਉਣ ਵਾਲਾ ਸਮਾਂ ਭੀ ਸੱਚਾ ਹੋਵੇਗਾ । ਬਦੇ ਪਾਤਸ਼ਾਹਾਂ ਦੇ ਕਥਨ ਅਨੁਸਾਰ "ਪ੍ਰਮੇਸ਼ਵਰ ਦਾ ਹਰੀ ਨਾਮ ਜਾਪ"

(ੴ ਤੋਂ ਗੁਰ ਪ੍ਰਸਾਦਿ ਤੱਕ)

ਆਦਿ ਸੱਚੁ
ਜੁਗਾਦਿ ਸੱਚੁ
ਹੈਭੀ ਸੱਚੁ
ਨਾਨਕ ਹੋਸੀ ਭੀ ਸੱਚੁ

ਅੱਜ ਦਾ ਸਮਾਂ ਬੜਾ ਸੰਕਟ ਦਾ ਹੈ ਜਿਸ ਦਾ ਭਿਆਨਕ ਰੂਪ ਹੈ । ਧਰਮ ਛੁਪਿਆ ਹੈ । ਗੁਰੂ ਨਾਨਕ ਪਾਤਸ਼ਾਹ ਦੇ ਰਾਹ ਤੇ ਚੱਲਣ ਵਾਲਾ ਕੋਈ ਨਹੀਂ । ਇਸ ਲਈ ਗੁਰੂ ਵੀ ਛੁੱਪਿਆ ਹੋਇਆ ਹੈ ।

"ਸਤਿਗੁਰੂ ਵਿਚਾਰਾ ਕਿਆ ਕਰੇ, ਜੱਬ ਸਿਖਨ ਮੇਂ ਚੂਕ ।"

ਸਾਡੇ ਧਰਮ ਦੇ ਆਗੂ ਆਪਸ ਵਿਚ ਅਜੇ ਏਨੀਆਂ ਸੱਟਾਂ ਖਾ ਕੇ ਵੀ ਲੜੀ ਜਾਂਦੇ ਹਨ । ਗੁਰਮੱਤ ਨੂੰ ਨਹੀਂ ਅਪਣਾਉਂਦੇ ਮਨ ਮੱਤ ਦਾ ਪ੍ਰਕਾਸ਼ ਕਰਨ ਦਾ ਯਤਨ ਕਰ ਰਹੇ ਹਾਂ । ਜਿਸ ਕਾਰਨ ਪੰਥ ਤੇ ਕੌਮ ਦੀ ਬੜੀ ਹੇਠੀ ਹੋ ਰਹੀ ਹੈ । ਰਸਤਾ ਕੋਈ ਨਹੀਂ ਲੱਭਦਾ ਦੁਸ਼ਮਣ ਬੇਅੰਤ ਹਨ ।

"ਦੁਸ਼ਮਣ ਬਾਤ ਕਰੇ ਅਣਹੋਣੀ ।"

ਸਾਰੇ ਮਿਲ ਕੇ ਕੌਮ ਨੂੰ ਬਰਬਾਦੀ ਦੇ ਰਾਹ ਤੇ ਲਿਆ ਰਹੇ ਹਨ । ਜਿਸ ਕੌਮ ਦੀ ਕਦੇ ਦੇਗ ਤੇਗ ਫਤਹਿ ਸੀ; ਅੱਜ ਦੋਨੋਂ ਹੀ ਢਿਲੀਆਂ ਪੈ ਚੁਕੀਆਂ ਹਨ । ਗੁਰਸਿੱਖੋ—

"ਅਜੈ ਕੁਛ ਬਿਗੜਿਓ ਨਹੀਂ, ਭਜ ਲਿਉ ਰਾਮ ਮੁਰਾਰ ।"

ਗੁਰਬਾਣੀ ਵਿਚ ਮਹਾਰਾਜ ਦੀ ਤੁੱਕ ਆਉਂਦੀ ਹੈ--

"ਮੂਤ ਪਲੀਤੀ ਕਪੜ ਹੋਇ ਦੇਇ ਸਾਬੂਣ ਲਈਐ ਓਹ ਧੋਇ ॥
ਭਰੀਐ ਮਤ ਪਾਪਾ ਕੈ ਸੰਗਿ ਓਹ ਧੋਪੈ ਨਾਵੈ ਕੈ ਰੰਗਿ ॥"

ਅਸੀਂ ਤਾਂ ਪੁਲੀਟੀਕਲ ਰੰਗ ਚੜ੍ਹਾਈ ਬੈਠੇ ਹਾਂ । ਠੱਗੀਆਂ ਨੂੰ ਅਪਣਾਈ ਬੈਠੇ ਹਾਂ । ਮਨ ਸਾਡੇ ਪਲੀਤ ਹਨ ਲਿਬੜੇ ਪਏ ਹਨ । ਇਸ ਲਈ ਕਪੜਿਆਂ ਵਾਂਗ ਸਾਬਣ ਤੇ ਹੋਰ ਵਸਤੂਆਂ ਨਾਲ ਧੋਤੇ ਨਹੀਂ ਜਾ ਸਕਦੇ । ਗੁਰਸਿੱਖਾਂ ਨੂੰ ਪੁਲੀਟੀਕਲ ਰਸਤੇ ਛੱਡ ਕੇ ਆਪਨੇ ਆਪ ਨੂੰ ਪਾਕ ਤੇ ਪਵਿਤਰ ਕਰਨਾ ਪਵੇਗਾ ਤੇ ਫੇਰ—

"ਓਹ ਧੋਪੈ ਨਾਵੈਂ ਕੈ ਰੰਗਿ"

ਤੇ ਨਾਮ ਦੇ ਰੰਗਿ ਨਾਲ ਧੋਣਾ ਪਵੇਗਾ। ਇਸ ਵੇਲੇ ਤਾਂ ਇਹ ਮਨ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਚ ਫਸਿਆ ਪਿਆ ਹੈ। ਇਸ ਲਈ ਹਰ ਵਕਤ ਮਨ ਬੁਰਿਆਈ ਲੋਚਦਾ ਹੈ। ਮਨ ਹੈ ਤਾਂ ਜੋਤ ਸਰੂਪ—

"ਮਨ ਤੂੰ ਜੋਤ ਸਰੂਪ ਹੈਂ, ਆਪਣਾ ਮੂਲ ਪਹਿਚਾਣ।"

ਪ੍ਰੰਤੂ ਵਿਸ਼ੇ ਵਿਕਾਰਾਂ ਵਿਚ ਰਚਤ ਹੋ ਕੇ ਧਰਮ ਉਠ ਗਿਆ। ਮੂਲ ਨੂੰ ਹਥੋਂ ਗਵਾ ਬੈਠੇ। ਹੁਣ ਬਾਕੀ ਕੀ ਰਹਿ ਗਿਆ ਬੁਰਾਈਆਂ। ਹੁਣ ਇਹ ਮਨ ਬੁਰਿਆਈ ਲੋਚਦਾ ਹੈ:

"ਮਨ ਲੋਚੇ ਬੁਰਿਆਈਆ, ਗੁਰਸ਼ਬਦੀ ਇਹ ਮਨ ਹੋੜੀਏ।"

ਗੁਰੂ ਦਾ ਸ਼ਬਦ ਕੀ ਹੋਇਆ ਜੋ ਮਹਾਰਾਜ ਫਰਮਾਉਂਦੇ ਹਨ। ਆਪਣਾ ਮੂਲ ਪਹਿਚਾਨ। ਮੂਲ ਹੈ ੧ੳ ਤੋਂ ਲੈ ਕੇ ਗੁਰ ਪ੍ਰਸਾਦਿ ਤਕ ਜਿਸ ਦੇ ਜੱਪਣ ਨਾਲ ਗੁਰਸਿੱਖਾਂ ਦਾ ਪ੍ਰਕਾਸ਼ ਹੋਵੇਗਾ। ਮਨ ਇਕਾਗਰਤਾ ਵਿਚ ਆ ਜਾਵੇਗਾ। ਅਤੇ ਗੁਰਸਿੱਖਾਂ ਦੀਆਂ ਚੜ੍ਹਦੀਆਂ ਕਲਾਂ ਹੋਣਗੀਆਂ ਦੇਗ ਤੇਗ ਫਤਹਿ ਹੋਵੇਗੀ। ਤੇ ਆਪਣੇ ਧਰਮ ਨੂੰ ਪਾਕ ਔਰ ਪਵਿੱਤਰ ਕਰ ਲਏਗਾ।

"ਏਕ ਜੋਤ ਦੁਇ ਮੂਰਤੀ ਧਨ ਪਿਰ ਕਹੀਏ ਸੋਇ।"

ਜਗਤ ਗੁਰਸਿੱਖਾਂ ਨੂੰ ਧੰਨ ਧੰਨ ਕਹਿਣ ਲੱਗ ਪਏਗਾ। ਹਰ ਕੋਈ ਉਨ੍ਹਾਂ ਦੀ ਇਜ਼ਤ ਕਰਨ ਲਗ ਪਵੇਗਾ। ਆਦਰ ਔਰ ਮਾਨ ਬਖਸ਼ੇਗਾ। ਸਤਿਗੁਰੂ ਔਰ ਪ੍ਰਮੇਸ਼ਵਰ ਉਨ੍ਹਾਂ ਦੇ ਅੰਗ ਸੰਗ ਹੋਣਗੇ। ਸਰੀਰ ਨੂੰ ਪਾਕ ਔਰ ਪਵਿਤਰ ਬਣਾਵਾਂਗੇ ਜੋ ਮੰਗੇਗਾ ਸਤਿਗੁਰੂ ਪਾਸੋਂ, ਉਸ ਦੀ ਪ੍ਰਾਪਤੀ ਹੋਵੇਗੀ। ਬੰਦਿਆਂ ਕੋਲੋਂ ਕੀ ਮੰਗਦਾ ਫਿਰਦਾ ਹੈਂ। ਬੰਦੇ ਤਾਂ ਨਾਸ਼ਵੰਤ ਹਨ, ਮੰਗਤਾ ਬਣਨਾ ਹੈ ਤਾ ਉਸ ਦੀ ਦਰਗਾਹ ਦਾ ਬਣ। ਜਿਸ ਦੇ ਭਰੇ ਭੰਡਾਰ ਹਨ। ਔਰ ਆਪਣੇ ਗੁਰਸਿੱਖਾਂ ਦਾ ਸਦਾ ਹੀ ਮਾਣ ਕਰਦਾ ਹੈ। ਤੇਰੀ ਸੁਆਈ ਪ੍ਰਾਪਤੀ ਹੋ ਜਾਂਦੀ ਹੈ। ਜੇ ਕਦੇ ਨਾਮ ਦੇ ਰੰਗ ਵਿਚ ਰੰਗ ਲਵੇਂ।

"ਅਰਾਧਿ ਏਕੰਕਾਰ ਸਾਚਾ ਨਿਤ ਦੇਇ ਚੜੈ ਸਵਾਇਆ।"

ਗੁਰਸਿੱਖਾਂ ਨੂੰ ਪ੍ਰਾਪਤੀਆਂ ਦਾ 25 ਫੀ ਸਦੀ ਮੁਨਾਫਾ ਹਰ ਰੰਗ ਵਿਚ ਬਖਸ਼ਦਾ ਹੈ। ਜਿਸ ਚੀਜ਼ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਅਪਣਾਇਆ। ਉਸ ਨੂੰ ਦੇਖ ਕੇ, ਸੁਣ ਸੁਣ ਕੇ, ਸਮਝ ਸਮਝ ਕੇ, ਕੁਲ ਇਨਸਾਨੀਅਤ ਮਜ਼ਬੰ-ਮਿਲਤ ਨੂੰ ਛੱਡ ਕੇ, ਆਪ ਦੀ ਸੇਵਕ ਬਣੀ। ਔਰ ਪਾਤਸ਼ਾਹ ਅਗੇ ਸਿਰ ਝੁਕਾਇਆ। ਜਿਸ ਨੇ ਵੀ ਪਾਤਸ਼ਾਹਾਂ ਦੇ ਹੁਕਮ ਦੀ ਤਾਮੀਲ ਕੀਤੀ। ਉੱਤਮ ਪਦਵੀਆਂ ਪ੍ਰਾਪਤ ਕੀਤੀਆਂ। ਇਤਹਾਸਕ ਮਿਸਾਲਾਂ ਬੇਅੰਤ ਹਨ। ਅੱਜ ਗੁਰੂ ਨਾਨਕ ਪਾਤਸ਼ਾਹ ਦੇ ਸੱਚੇ ਸੁਚੇ ਰਾਹ ਨੂੰ ਜੋ ਪਾਕ ਔਰ ਪਵਿਤਰ ਹੈ, ਛੱਡੀ ਬੈਠੇ ਹਾਂ। ਮਨਮੱਤ ਨੂੰ ਮੋਹਰੇ ਲਿਆ ਰਹੇ ਹਾਂ। ਅਨੇਕਾਂ ਸਭਾ ਸੁਸਾਇਟੀਆਂ ਬਣਾਈ ਬੈਠੇ ਹਾਂ। ਦਾਅਵਾ ਧਰਮ ਦਾ ਹੈ, ਝੂਠ ਤੇ ਜਿਸ ਦਾ ਦੂਸਰਾ ਨਾਮ ਪਾਲਿਟੈਕਸ ਹੈ, ਉਹ ਮੁੱਖ ਬਣ ਚੁਕਾ ਹੈ। ਸੁਆਰਥੀ ਗੁਰਸਿੱਖ ਆਪਣੇ ਬਾਬੇ ਨੂੰ ਛੱਡ ਰਹੇ ਹਨ। ਇਨ੍ਹਾਂ ਫਰਜ਼ੀ ਮਨਮੱਤੀਆਂ ਨੂੰ, ਆਪਣੇ ਪੈਰੋਕਾਰ ਤੇ ਮੰਗਾਂ ਨੂੰ ਪੂਰੇ ਕਰਨ ਵਾਲੇ ਜਾਣਦੇ ਹਨ। ਪਾਤਸ਼ਾਹਾਂ ਦਾ ਗੁਰਬਾਣੀ ਵਿਚ ਫਰਮਾਨ ਆਵੇਗਾ।

ਦਾਤੇ ਦਾਤ ਰੱਖੀ ਹੱਥ **ਆਪਣੇ** ਜਿਸ ਭਾਵੇ ਤਿਸ਼ ਦੇਈ॥

**ਆਪਣੇ** ਸ਼ਬਦ ਤੋਂ ਮੁਰਾਦ ਪਾਤਸ਼ਾਹ ਆਪ ਹਨ। ਅੱਜ ਕਲ ਦੀਆਂ ਸਭਾ ਸੁਸਾਇਟੀਆਂ ਦੇ ਅਗੂ ਮੁਖੀ ਨਹੀਂ।

ਗੁਰੂ ਨਾਨਕ ਪਾਤਸ਼ਾਹ ਦੀ ਦੱਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਹੁਕਮ ਹੈ। ਜਦ ਮੇਰੀ ਸੰਗਤ ਅਤਿ ਘੋਰ ਸੰਕਟ ਵਿਚ ਆ ਜਾਵੇ ਤਦ ਸੰਗਤ ਨੂੰ ਰਸਤਾ ਕੇਵਲ ਪੰਜ ਪਿਆਰੇ ਹੀ ਦੇਣਗੇ। ਪੰਜ ਪਿਆਰੇ ਹੋਰ ਕੋਈ ਨਹੀਂ ਬਣ ਸਕਦੇ। ਉੱਚ ਕੋਟੀ ਦੇ ਮਹਾਂਪੁਰਸ਼ ਹੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਸਕਦੇ ਹਨ। ਅੱਜ ਕਲ ਦੇ ਕਲਯੁੱਗੀ ਗੁਰਸਿੱਖ ਜਿਨ੍ਹਾਂ ਪਾਸੋਂ ਧਰਮ ਬੜੀ ਦੂਰ ਹੈ, ਉਹ ਜੇ ਕਰ ਚਾਹੁਣ ਧਰਮ ਦੀ ਅਗਵਾਈ ਕਰ ਲੈਣ, ਤੇ ਗੁਰਸਿੱਖ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਣ ਇਹ ਬੜੀ ਵੱਡੀ ਭੁਲ ਹੋਵੇਗੀ। ਚੌਹਾਂ ਤਖਤਾਂ ਦੇ ਜਥੇਦਾਰ ਸਾਹਿਬ ਤੇ ਹਰਿਮੰਦਰ ਸਾਹਿਬ ਦੇ ਹੈੱਡ ਗਰੰਥੀ ਸਾਹਿਬ ਪੰਜ ਪਿਆਰਿਆਂ ਵਿਚ ਸ਼ਾਮਲ ਹੋਣ ਦੇ ਜੋਗ ਹਨ। ਇਸ

ਸਮੇਂ ਦੇ ਵਿਚ ਅਜਿਹੀਆਂ ਵਿਅਕਤੀਆਂ ਹੀ ਪੰਥ ਦੀ ਅਗਵਾਈ ਕਰ ਸਕਦੀਆਂ ਹਨ। ਕਿਉਂਕਿ ਇਨ੍ਹਾਂ ਦਾ ਮੁੱਖ ਧਰਮ ਹੈ। ਗੁਰਸਿੱਖਾਂ ਦੀ ਕੌਮ ਵਿਚ ਇਸ ਸਮੇਂ ਦੇ ਅੰਦਰ ਬੜੇ ਦੁਨੀਆਂਦਾਰ ਵਿਦਵਾਨ ਬੈਠੇ ਹਨ। ਹਿਸਟੋਰੀਅਨ, ਫੌਜੀ ਜਰਨੈਲ ਵੀ ਹਨ। ਕਾਨੂੰਨ ਦੇ ਜਾਣੂ ਬਰਿਸਟਰ ਵੀ ਹਨ। ਡਾਕਟਰ ਵੀ ਹਨ। ਜਿਨ੍ਹਾਂ ਵਿਚੋਂ ਪੰਜ ਪਿਆਰੇ ਆਪਣੇ ਸਲਾਹ ਗੀਰ (Advisery Body) ਕਾਇਮ ਕਰ ਸਕਦੇ ਹਨ। ਜਿਨ੍ਹਾਂ ਦੇ ਸਲਾਹ ਮਸ਼ਵਰੇ ਨਾਲ ਧਰਮ ਨੂੰ ਮੁੱਖ ਰਖਦਿਆਂ ਹੋਇਆਂ ਗੁਰਸਿੱਖਾਂ ਦੀ ਅਗਵਾਈ ਦੇਣ।

ਸਾਨੂੰ ਇਲੈਕਸ਼ਨਾਂ ਦੀ ਲੋੜ ਨਹੀਂ - ਸਾਡੇ ਗੁਰੂ ਸਾਹਿਬਾਨ, ਦਸੇ ਜੋਤਾਂ ਜਾਂ ਹੋਰ ਮਹਾਂ ਪੁਰਸ਼, ਬ੍ਰਹਮ ਗਿਆਨੀ, ਇਲੈਕਸ਼ਨਾਂ ਨਾਲ ਨਹੀਂ ਬਣਾਏ ਗਏ। ਇਲੈਕਸ਼ਨ ਤਾਂ ਗੁਰਸਿੱਖਾਂ ਨੂੰ ਬਰਬਾਦ ਕਰਨ ਲਈ ਇਨ੍ਹਾਂ ਉਪਰ ਠੋਸੀ ਗਈ ਹੈ। ਜਿਸ ਦੇ ਕਾਰਨ ਸਾਰੇ ਦੁੱਖ ਹਨ। ਝੂਠੇ ਧੜੇ ਬਣ ਜਾਂਦੇ ਹਨ, ਜਿਸ ਦੇ ਕਾਰਨ ਆਪਸ ਵਿਚ ਲੜਾਈਆਂ ਸ਼ੁਰੂ ਹੋ ਜਾਂਦੀਆਂ ਹਨ। ਸੁਆਰਥ ਨੂੰ ਮੁੱਖ ਰਖਦੇ ਹਨ। ਧਰਮ ਨੂੰ ਪਿਛੇ ਸੁੱਟ ਦੇਂਦੇ ਹਨ। ਇਸੇ ਲਈ ਗੁਰਬਾਣੀ ਵਿਚ ਫਰਮਾਣ ਆਉਂਦਾ ਹੈ—

"ਕਿਸ ਹੀ ਧੜਾ ਕੀਆ ਮਿੱਤਰ ਸੁਤ ਨਾਲ ਭਾਈ।
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲ ਜਵਾਈ।
ਕਿਸ ਹੀ ਧੜਾ ਕੀਆ ਸਿਕਦਾਰ ਚੌਧਰੀ ਨਾਲ ਆਪਣੇ ਸੁਆਈ।
ਹਮਾਰਾ ਧੜਾ ਹਰਿ ਰਿਹਾ ਸਮਾਈ।"

ਐਸੇ ਹਰੀ ਦੇ ਧੜੇ ਦਾ ਪ੍ਰਤਾਪ ਸੀ ਜੋ ਮੁਗਲਾਂ ਦੀ ਬਾਦਸ਼ਾਹੀ ਖਤਮ ਕੀਤੀ ਜੋ ਅਨੇਕਾ ਪੁਸ਼ਤਾਂ ਤੋਂ ਚਲੀ ਆਉਂਦੀ ਸੀ। ਜੋ ਹਿੰਦੂ ਧਰਮ ਦੇ ਸਵਾ ਮਣ ਜੰਞੂ ਲਾਹ ਕੇ, ਉਨ੍ਹਾਂ ਨੂੰ ਮੁਸਲਮਾਨ ਬਣਾ ਕੇ ਜਲ ਪਾਨ ਕਰਦੇ ਸਨ। ਇਸ ਧੜੇ ਦੇ ਆਗੂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਨੇ ਮੁਗਲਾਂ ਤੋਂ ਨਿਜਾਤ ਦੁਵਾ ਕੇ ਆਪਣੇ ਸੇਵਕ ਰਣਜੀਤ ਸਿੰਘ ਨੂੰ ਤਖਤੋਂ ਤਾਜ ਦਾ ਮਾਲਕ ਬਣਾਇਆ। 1801 ਵਿਸਾਖੀ ਵਾਲੇ ਦਿਹਾੜੇ ਰਾਜ ਤਿਲਕ ਦੇ ਕੇ ਸ਼ੇਰੇ ਪੰਜਾਬ ਥਾਪਿਆ। ਜਿਤਨੀ ਦੇਰ ਮਹਾਰਾਜ ਬਾਬਾ ਸਾਹਿਬ ਸਿੰਘ ਪਾਤਸ਼ਾਹ, ਗੁਰੂ ਨਾਨਕ ਦੇਵ ਦੀ ਗਿਆਰਵੀਂ ਸੰਤਾਨ ਹੁੰਦਿਆਂ ਹੋਇਆਂ ਧਰਮ ਦੀ ਅਗਵਾਈ ਕੀਤੀ, ਤੁਹਾਡਾ ਰਾਜ ਕਾਇਮ ਰਿਹਾ। ਜਿਸ ਦਿਹਾੜੇ ਅੱਖਾਂ ਮੀਟ ਗਏ ਧਰਮ ਖਤਮ ਹੋ ਗਿਆ, ਮਨਮੱਤ ਦਾ ਪ੍ਰਕਾਸ਼ ਹੋ ਗਿਆ, ਮੂੰਹ ਦੀ ਖਾਣੀ ਪਈ। ਆਪਣਾ ਪ੍ਰਤਾਪ ਸਾਰਾ ਗੁਵਾ ਬੈਠੇ। ਝੂਠ ਦਾ ਪਸਾਰਾ ਸੀ। ਪੋਲੇਟਿਕਸ ਮੁਖ ਸਨ, ਇਸ ਲਈ ਕਦਮ ਨਹੀਂ ਜੰਮ ਸਕੇ। ਮਹਾਰਾਜਾ ਰਣਜੀਤ ਸਿੰਘ ਮਰਿਆ, ਮਹਾਰਾਜਾ ਖੜਕ ਸਿੰਘ ਮਰਿਆ, ਕੰਵਰ ਨੌ ਨਿਹਾਲ ਸਿੰਘ ਮਰਿਆ, ਦਲੀਪ ਸਿੰਘ ਬੱਚੇ ਨੂੰ ਮਹਾਰਾਜਾ ਥਾਪਿਆ ਗਿਆ। ਅੰਗਰੇਜ਼ਾਂ ਦੀ ਰੀਜਨੰਸੀ ਬਣੀ ਜਿਨ੍ਹਾਂ ਨੇ ਕੂਟਲ ਨੀਤੀ ਨਾਲ ਰਾਜ ਨੂੰ ਖਤਮ ਕਰ ਕੇ, ਦਲੀਪ ਸਿੰਘ ਬਾਲਕ ਤੋਂ ਸਿੱਖ ਧਰਮ ਨੂੰ ਖਤਮ ਕਰਨ ਲਈ ਅੰਗੂਠਾ ਲੁਆ ਲਿਆ। ਦਲੀਪ ਸਿੰਘ ਨੂੰ ਇਸਾਈ ਬਣਾ ਕੇ ਇੰਗਲੈਂਡ ਲੈ ਗਏ। ਧਰਮ ਤੋਂ ਪ੍ਰਾਪਤ ਹੋਇਆ ਰਾਜ ਦਾ ਮਾਲਕ ਅਜੇ ਵੀ St. Burry Edmonds ਵਿਚ ਕਬਰਸਤਾਨ ਵਿਚ ਦਬਿਆ ਹੋਇਆ ਹੈ।

ਗੁਰਸਿਖੋ ਧਰਮ ਨਾਲ ਰਾਜ ਕਾਇਮ ਹੁੰਦੇ ਹਨ। ਪੋਲੇਟਿਕਸ ਨਾਲ ਨਹੀਂ। ਜਦ ਧਰਮ ਨੂੰ ਖਤਮ ਕੀਤਾ ਪੋਲੇਟਿਕਸ ਨੂੰ ਅਗੇ ਲੈ ਆਏ ਤਾਂ ਰਾਜ ਪ੍ਰਤਾਪ ਵੀ ਨਾਲੇ ਖਤਮ ਹੋ ਗਿਆ। ਅੱਜ ਤਕ 183 ਸਾਲਾਂ ਵਿਚ ਵੀ ਖੜੇ ਨਹੀਂ ਹੋ ਸਕੇ। ਔਰ ਦਰਬਦਰ ਦੇ ਧਕੇ ਖਾਂਦੇ ਹੋ। ਅਗਵਾਈ ਧਰਮ ਦੇ ਹੱਥ ਦਿਉ ਪੋਲੇਟਿਕਸ ਦੇ ਨਹੀਂ। ਇਕੱਲੇ ਗੁਰੂ ਨਾਨਕ ਪਾਤਸ਼ਾਹ ਨੇ ਇਸ ਧਰਮ ਨੂੰ ਦਸਾਂ ਜੋਤਾਂ ਵਿਚ ਆ ਕੇ ਚੜ੍ਹਦੀਆਂ ਕਲਾਂ ਵਿਚ ਰਖਿਆ। ਸਾਡੇ ਸੰਕਟ ਦਾ ਹਲ ਕੇਵਲ ਇਹ ਧਰਮ ਹੀ ਹੈ। ਜਿਸ ਨੂੰ ਅਪਣਾਓ ਸਦਾ ਚੜ੍ਹਦੀਆਂ ਕਲਾ ਵਿਚ ਰਹੋ॥

ਸਤਿਨਾਮ ਸ੍ਰੀ ਵਾਹਿਗੁਰੂ ਨਾਮ ਚਿਤ ਆਵੇ।

# ਗੁਰ-ਦੀਖਿਆ

ਇਕ ਦਿਨ ਸਚੇ ਪਾਤਸ਼ਾਹ ਬਾਬਾ ਸਾਹਿਬ ਸਿੰਘ ਜੀ ਆਨੰਦ ਵਿਚ ਬੈਠੇ ਸੇ ਤਾਂ ਸਾਹਿਬ ਜੀ ਨੇ ਮੈਨੂੰ ਪਰੇ ਬੈਠਾ ਦੇਖਕੇ ਬੁਲਾਇਆ ਤੇ ਸਾਹਮਣੇ ਬਿਠਾ ਕਰਤੇ ਬਚਨ ਕੀਤਾ ਕਿ ਧਿਆਨ ਕਰਕੇ ਸਾਡਾ ਬਚਨ ਸੁਣ ਲਵੋਂ । ਸੋ ਬਚਨ ਏਹ ਹੈ ਕਿ ਜੋ ਕੁਛ ਤੈਨੂੰ ਦੀਖਿਆ ਦਿਤੀ ਗਈ ਹੈ ਤੇ ਸਭ ਤਰ੍ਹਾਂ ਦੇ ਭੇਦ ਤੇ ਆਸ਼ੇ ਗੁਰੂਮਤ ਦੇ ਸਮਝਾਏ ਗਏ ਹੈਨ । ਸੋ ਏਹ ਸਭ ਕੁਛ ਗੁਰੂ ਨਾਨਕ ਜੀ ਮਹਾਰਾਜ ਦਾ ਰਿਦਾ ਹੈ ਜੋ ਉਨ੍ਹਾਂ ਨੂੰ ਵਾਹਗੁਰੂ ਅਕਾਲ ਪੁਰਖ ਜੀ ਪਾਸੋਂ ਬੀਜ ਰੂਪ ਹੋਕੇ ਪ੍ਰਾਪਤਿ ਹੋਯਾ । ਸੋ ਅਸੀਂ ਗੁਰੂ ਨਹੀਂ ਹਾਂ ਗੁਰੂ ਜੋ ਹੈ ਗੁਰੂ ਨਾਨਕ ਸਾਹਿਬ ਜੀ ਹੈਨ । ਤੇ ਉਨ੍ਹਾਂ ਦਾ ਰੂਪ ਦਸ ਪਾਤਸ਼ਾਹੀਆਂ । ਤੇ ਉਨ੍ਹਾਂ ਦਾ ਰੂਪ ਹੁਣ ਗੁਰੂ ਗ੍ਰੰਥ ਸਾਹਿਬ ਜੀ । ਤੇ ਜਿਤਨੀ ਗੁਰੂ ਘਰ ਦੀ ਸਿਖੀ ਹੈ ਇਹ ਸਾਰਾ ਗੁਰੂ ਨਾਨਕ ਜੀ ਮਹਾਰਾਜ ਦਾ ਵੱਗ ਹੈ । ਮਾਲਕ ਇਸ ਵੱਗ ਦੇ ਸ੍ਰੀ ਗੁਰੂ ਨਾਨਕ ਜੀ ਹੈਨ ਤੇ ਅਸੀਂ ਵੱਗ ਦੇ ਛੇੜੂ ਹਾਂ । ਗੁਰੂ ਨਾਨਕ ਜੀ ਮਹਾਰਾਜ ਆਦਿਕ ਦਸ ਪਾਤਸ਼ਾਹੀਆਂ ਅਤੇ ਉਨ੍ਹਾਂ ਦਾ ਰੂਪ ਗੁਰੂ ਗਰੰਥ ਸਾਹਿਬ ਜੀ ਨਾਲ ਸਾਡਾ ਗੁਲਾਮੀ ਦਾ ਤੇ ਸਿੱਖੀ ਦਾ ਦਾਵਾ ਹੈ । ਅਥਵਾ ਸ੍ਰੀ ਗੁਰੂ ਨਾਨਕ ਜੀ ਦਾ ਸ਼ਬਦ ਦਾ ਲੰਗਰ ਚਲ ਰਹਿਆ ਹੈ ਯਥਾ ਗੁਰੂ ਗਰੰਥ ਸਾਹਿਬ ਜੀ ਦਾ ਬਚਨ ।

"ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸਮ ਦੀ ਆਪ ਖਹਿਦੀ ਖੈਰਿ ਦਬਟੀਐ ॥"

ਸੋ ਮਹਾਰਾਜ ਜੀ ਦੇ ਇਸ ਲੰਗਰ ਦੇ ਅਸੀਂ ਵਰਤਊਏ ਹਾਂ । ਖਸਮ ਜੋ ਗੁਰੂ ਨਾਨਕ ਜੀ ਹੈਨ ਉਨ੍ਹਾਂ ਦੀ ਸਿਲਸਿਲੇ ਵਾਰ ਬਖਸ਼ੀ ਹੋਈ ਦਿਤ ਨੂੰ ਅਸੀਂ ਖਰਚਦੇ ਅਰਥਾਤ ਵੰਡਦੇ ਹਾਂ ।

ਤਾਂ ਮਹਾਰਾਜ ਜੀ ਦੇ ਏਹ ਬਚਨ ਸੁਣਕੇ ਮੈਂ ਦੋਨੋਂ ਹੱਥ ਜੋੜ ਕੇ ਬੇਨਤੀ ਕੀਤੀ ਗਰੀਬ ਨਿਵਾਜ ਜੀ ਜੋ ਕੁਛ ਹਜ਼ੂਰ ਨੇ ਬਚਨ ਕੀਤਾ ਹੈ ਸਭ ਸਤਿ ਹੈ ਪਰ ਇਤਨੀ ਮੇਰੀ ਅਰਜ਼ ਹੈ ਕਿ ਆਪ ਦੇ ਵਿਤੋਂ ਜੋ ਕੁਛ ਆਪਦਾ ਸੰਬੰਧ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤੋਂ ਆਦਿ ਲੈ ਕੇ ਗੁਰੂ ਗਰੰਥ ਸਾਹਿਬ ਜੀ ਤਕ ਚਾਹੇ ਗੁਲਾਮੀ ਦਾਵਾ ਚਾਹੇ ਸਿਖੀ ਦਾਵਾ ਹੈ ਪਇਆਂ ਹੋਵੇ ਆਪਣੇ ਆਪਦਾ ਜੋ ਕੁਛ ਆਪ ਹੀ ਬਣਕੇ ਦਾਵਾ ਰਖਣਾ ਹੋਵੇ ਇਸ ਗੱਲ ਨੂੰ ਆਪ ਜਾਣੋਂ । ਪਰ ਮੇਰੀ ਦ੍ਰਿਸ਼ਟੀ ਵਿਚ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਥੀਂ ਆਦਿ ਲੈਕੇ ਦਸ ਪਾਤਸ਼ਾਹੀਆਂ ਆਪ ਥੀਂ ਜੁਦੀਆਂ ਨਹੀਂ ਤੇ ਆਪ ਉਨ੍ਹਾਂ ਥੀਂ ਜੁਦੇ ਨਹੀਂ । ਏਹ ਜੋ ਆਪ ਦਾ ਸਰੂਪ ਹੈ ਸਾਡੇ ਸਿੱਖਾਂ ਦੇ ਉਧਾਰ ਵਾਸਤੇ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਜੀ ਨੇ ਹੀ ਧਾਰਨ ਕਰਕੇ ਸਾਨੂੰ ਉਪਦੇਸ਼ ਕੀਤਾ ਹੈ । ਮੇਰੀ ਏਹੋ ਹੀ ਅਰਜ਼ ਹੈ ਕਿ ਜੋ ਕੁਛ ਮੇਰਾ ਨਿਸਚਾ ਹੈ ਓਹੀ ਕਾਇਮ ਰਹੇ ਜਿਸ ਸਵਾਂਗ ਵਿਚ ਗੁਰੂ ਜੀ ਹੋਨ ਗੁਰੂ ਰੂਪ ਵੀ ਦ੍ਰਿਸ਼ਟੀ ਆਉਣ ਸਵਾਂਗ ਵਿਚ ਮੈਂ ਨਾ ਭੁੱਲਾਂ । ਤੇ ਮੈਨੂੰ ਏਹ ਭੀ ਵਾਹਗੁਰੂ ਜੀ ਨੇ ਸਮਝ ਦਿੱਤੀ ਹੋਈ ਹੈ ਕਿ ਸਿੱਖ ਨੂੰ ਜਦ ਤਕ ਇਹ ਨਿਸਚਾ ਨਾ ਹੋਵੇ ਕਿ ਜਿਸ ਮੂਰਤੀ ਨੇ ਮੈਨੂੰ ਨਾਮ ਦਾਨ ਬਖਸ਼ਿਆ ਹੈ ਓਹ ਮੂਰਤੀ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਮੇਰੇ ਉਪਕਾਰ ਵਾਸਤੇ ਧਾਰਨ ਕੀਤੀ ਹੈ । ਅਰਥਾਤ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਹੀ ਏਹ ਮੂਰਤੀ ਧਾਰ ਕੇ ਮੈਨੂੰ ਦੀਖਿਆ ਦਿਤੀ ਹੈ । ਭਾਵ ਏਹ ਕਿ ਸਿੱਖ ਜਾਣੇ ਕਿ ਖਾਸ ਸ੍ਰੀ ਗੁਰੂ ਨਾਨਕ ਮਹਾਰਾਜ ਥੋਂ ਹੀ ਮੈਂ ਦੀਖਿਤ ਹੋਇਆ ਹਾਂ । ਤਦ ਤਕ ਸਿੱਖ ਦਾ ਨਾ ਕੁਛ ਕਾਰਜ ਸਰਦਾ ਹੈ ਤੇ ਨਾ ਕਲਿਆਨ ਹੋਂਦੀ ਹੈ ।

ਤਿਸ ਪਰ ਸਾਹਿਬ ਜੀ ਨੇ ਬਚਨ ਕੀਤਾ ਕਿ ਜੋ ਤੇਰਾ ਨਿਸਚਾ ਹੈ ਤੇਰੇ ਲਈ ਠੀਕ ਹੈ ਜ਼ਰੂਰ ਏਹੋ ਨਿਸਚਾ ਸਭਨਾਂ ਸਿੱਖਾਂ ਨੂੰ ਚਾਹੀਦਾ ਹੈ ਕਿ ਜਿਸ ਪਾਸੋਂ ਗੁਰਮੰਤ੍ਰ ਅਰਥਾਤ ਗੁਰ ਦੀਖਿਆ ਲੈਨ ਉਸ ਪਰ ਐਸਾ ਹੀ ਖਿਆਲ ਉਨ੍ਹਾਂ ਦਾ ਹੋਣਾ ਚਾਹੀਏ ਚਾਹੇ ਉਹ ਕੋਈ ਹੋਵੇ । ਪਰ ਏਹ ਖਿਆਲ ਤੇ ਨਿਸਚਾ ਉਸ ਪਰ ਹੋਣਾ ਚਾਹੀਏ ਜੋ ਪਰੇ

ਪੂਰਬਲੇ ਨਾਮ ਦੀ ਦੀਖਿਆ ਦੇਵੇ ਗੁਰੂ ਘਰ ਦਾ ਰਾਹ ਵਿਖਾਉਣ ਵਾਲਾ ਨਾ ਹੋਵੇ। ਪਰ ਅਸੀਂ ਆਪਣੇ ਬਾਬਤ ਜੋ ਕੁਛ ਕਹਿਆ ਹੈ ਇਹੋ ਠੀਕ ਹੈ ਕਿ ਅਸੀਂ ਗੁਰੂ ਨਾਨਕ ਆਦਿ ਦਸ ਪਾਤਸ਼ਾਹੀ ਤੇ ਗੁਰੂ ਗਰੰਥ ਸਾਹਿਬ ਜੀ ਦੇ ਘਰ ਦੇ ਕਾਣੇ ਹਾਂ।

ਜਿਸ ਪਰ ਮੈਂ ਅਰਜ਼ ਕੀਤੀ ਗਰੀਬ ਨਿਵਾਜ਼ ਜੀ ਆਪ ਮਾਲਕ ਹੋ ਜੋ ਕੁਛ ਕਹੋ ਅਥਵਾ ਸਮਝੋ ਸਾਡੇ ਲੋਕਾਂ ਦਾ ਇਸ ਗੱਲ ਵਿਚ ਕੀ ਦਖਲ ਹੈ। ਅਸੀਂ ਤਾਂ ਏਹੋ ਜਾਣਦੇ ਹਾਂ ਕਿ ਜੋ ਲਾਟ ਸਾਡੇ ਦੇਸ ਪਰ ਹਾਕਮੀ ਕਰਦੇ ਹੈਨ ਏਹੋ ਮਲਕਾ ਮਹਾਰਾਣੀ ਦਾ ਰੂਪ ਸਾਡੇ ਪਾਤਸ਼ਾਹ ਹੈਨ। ਤੇ ਈਕੂਣ ਹੀ ਸਮਝਾਂਗੇ ਤਾਹੀਂ ਗੁਜ਼ਾਰਾ ਹੋਵੇਗਾ।

## ਬੋਲਹੁ ਭਾਈ ਜੀ ਵਾਹਗੁਰੂ ਅਗੇ ਸਾਖੀ ਨਵੀਂ ਚਲੀ

ਇਕ ਦਿਨ ਦਾ ਪ੍ਰਸੰਗ ਹੈ ਕਿ ਜੋ ਕੁਛ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਨੇ ਕਿਰਪਾ ਕੀਤੀ ਹੈ ਉਸ ਪਰ ਬਿਚਾਰ ਕਰਕੇ ਮੈਂ ਗਦਗਦ ਹੋਕਰ ਆਪਣੇ ਜੀਵਨ ਪਰ ਧੰਨਿਬਾਦ ਕਰਦਾ ਪ੍ਰੇਮ ਦੇ ਉਮੰਗ ਵਿਚ ਆ ਕੇ ਸਾਹਿਬ ਜੀ ਦੀ ਚਰਨੀਂ ਜਾ ਡਿੱਗਾ। ਪ੍ਰੇਮ ਦੇ ਜਲ ਦਾ ਪ੍ਰਵਾਹ ਨੇਤਰਾਂ ਵਿਚੋਂ ਚਲਿਆ ਜਾਂਦਾ ਸੀ। ਤਾਂ ਸਾਹਿਬ ਜੀ ਭੀ ਮੇਰੀ ਇਸ ਦਸ਼ਾ ਨੂੰ ਦੇਖਕਰ ਅਸਚਰਜ ਹੋਏ ਬਾਰੰਬਾਰ ਮੈਂ ਮਥਾ ਟੇਕਦਾ ਤੇ ਚਰਨਾਂ ਤੋਂ ਬਲਿਹਾਰ ਹੋਂਦਾ ਸੀ। ਜਿਸ ਪਰ ਮਹਾਰਾਜ ਜੀ ਨੇ ਮੈਨੂੰ ਦਿਲਾਸਾ ਦੇ ਕੇ ਸਾਵਧਾਨ ਕੀਤਾ ਤੇ ਸਨਮੁਖ ਬਠਲਾਕੇ ਕਾਰਨ ਪੁਛਿਆ ਤਾਂ ਜੋ ਕੁਛ ਮੇਰੇ ਚਿੱਤ ਵਿਚ ਉਸ ਵੇਲੇ ਖਿਆਲ ਸਨ ਪ੍ਰਗਟ ਕਰਕੇ ਅਰਜ਼ ਕਰ ਦਿੱਤੀ ਕਿ ਹਜ਼ੂਰ ਦੇ ਉਪਕਾਰ ਜੋ ਮੇਰੇ ਪਰ ਇਕ ਖਾਸ ਕਿਰਪਾ ਦੁਆਰਾ ਹੋਏ ਹੈਨ ਅਰ ਮੈਂ ਦੇਖਦਾ ਹਾਂ ਸਭਨਾਂ ਤੋਂ ਨਿਰਾਲੀ ਹੀ ਕਿਰਪਾ ਮੇਰੇ ਪਰ ਹਜ਼ੂਰ ਨੇ ਕੀਤੀ ਹੈ ਕਿ ਨਾਮ ਦਾਨ ਬਖਸ਼ਕੇ ਸਾਰਾ ਭੇਦ ਭੀ ਖੋਹਲ ਕੇ ਸਮਝਾ ਦਿੱਤਾ ਹੈ ਤੇ ਜੋ ਕੁਛ ਆਨੰਦ ਤੇ ਖੁਸ਼ੀ ਮੈਨੂੰ ਪ੍ਰਾਪਤ ਹੋਈ ਹੈ। ਇਸ ਵੇਲੇ ਮੈਂ ਉਸਨੂੰ ਜਰ ਨਹੀਂ ਸਕਿਆ ਹਾਂ, ਤਾਂ ਮੇਰੀ ਇਹ ਦਸ਼ਾ ਹੋਈ ਹੈ।

ਜਿਸ ਪਰ ਸਾਹਿਬ ਜੀ ਨੇ ਬਚਨ ਕੀਤਾ ਜੋ ਜੋ ਜੈਸਾ ਅਧਿਕਾਰੀ ਹੋਂਦਾ ਹੈ। ਅਧਿਕਾਰ ਮੂਜਬ ਉਸਨੂੰ ਪ੍ਰਾਪਤੀ ਹੋ ਜਾਂਦੀ ਹੈ। ਜੋ ਭਾਂਡਾ ਛਟਾਂਕੀ ਵਸਤੂ ਪੈਣ ਵਾਲਾ ਹੈ ਉਸ ਵਿਚ ਛਟਾਂਕੀ, ਤੇ ਸੇਰ ਵਾਲੇ ਵਿਚ ਸੇਰ, ਪੰਜ ਦਸ ਸੇਰ, ਵਾਲੇ ਵਿਚ ਪੰਜ ਦਸ ਸੇਰ, ਤੇ ਮਣ ਪੈਣ ਵਾਲੇ ਵਿਚ ਮਣ ਹੀ ਵਸਤੂ ਪੈ ਜਾਂਦੀ ਹੈ, ਗਾਹਕ ਨੂੰ ਸੌਦਾ ਮਿਲ ਜਾਂਦਾ ਹੈ। ਸੋ ਸਿੱਖ ਨੂੰ ਗਾਹਕ ਬਣਨਾ ਚਾਹੀਏ ਤੇ ਸ਼ਰਧਾ ਪ੍ਰੇਮ ਤੇ ਖੋਜ ਏਹ ਤਿੰਨ ਲੱਛਣ ਸਿੱਖ ਗਾਹਕ ਦੇ ਜ਼ਰੂਰ ਹੋਣੇ ਚਾਹੀਏ। ਹੋਰ ਜੋ ਕੁਛ ਤੈਨੂੰ ਸਮਝਾਇਆ ਗਇਆ ਹੈ ਉਸ ਸਾਰੇ ਦਾ ਖੁਲਾਸਾ ਅਤੇ ਤੱਤਸਾਰ ਭੀ ਅਸੀਂ ਦੱਸ ਦੇਂਦੇ ਹਾਂ ਜੋ ਗੁਰੂ ਗਰੰਥ ਸਾਹਿਬ ਜੀ ਵਿਚ ਗੁਰੂ ਸਾਹਿਬ ਜੀ ਦਾ ਸਰਬੱਤ ਸਿੱਖਾਂ ਲਈ ਹੁਕਮ ਹੈ। ਏਹ ਹੁਕਮ ਮਾਨੋਂ ਇਕ ਇਸ਼ਤਿਹਾਰ ਰੂਪ ਵਿਚ ਹਰ ਸਮੇਂ ਪ੍ਰਗਟ ਰੈਹਣ ਵਾਲਾ ਹੈ। ਯਥਾ ਬਚਨ। ਹੁਕਮ ਇਸ਼ਤਿਹਾਰ

ਨਾਨਕੁ ਕਹਤ ਏਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਿਰਾਮੀ ॥
ਗੁਰ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥

## ਟੀਕਾ

ਸ੍ਰੀ ਗੁਰੂ ਜੀ ਮਹਾਰਾਜ ਸਰਬੱਤ ਸਿੱਖਾਂ ਨੂੰ ਬੀਚਾਰ ਕਰਕੇ ਏਹ ਹੁਕਮ ਕਰਦੇ ਹੈਨ ਕਿ ਜੋ ਇਨ੍ਹਾਂ ਤਿੰਨ ਗੱਲਾਂ ਨੂੰ ਕਮਾਏਗਾ ਉਹ ਸੰਸਾਰ ਸਮੁੰਦਰ ਥੀਂ ਪਾਰ ਹੋਵੇਗਾ। ਅਰਥਾਤ ਇਨ੍ਹਾਂ ਤਿੰਨਾਂ ਗੱਲਾਂ ਦੇ ਕਮਾਉਣ ਵਾਲੇ ਨੂੰ ਸੰਸਾਰ ਰੂਪੀ ਸਮੁੰਦਰ ਦੇ ਪਾਰ ਦਾ ਹੀ ਸਮਝੋ ਜੀਕੂਣ ਕਿਸੀ ਦਰਿਆ ਦੇ ਪਾਰ ਕੋਈ ਪਿੰਡ ਹੋਵੇ ਤਾਂ ਉਥੋਂ ਦੇ ਰੈਹਣ ਵਾਲੇ ਨੂੰ ਕਹੀਦਾ ਹੈ ਕਿ ਏਹ ਪਾਰ ਦੇ ਗਰਾਂ ਦਾ ਵਸਨੀਕ ਹੈ ਏਹ ਅਰਥ ਪਾਰਗਰਾਮੀ ਦਾ ਹੈ। ਸੋ ਓਹ ਤਿੰਨ ਗੱਲਾਂ ਏਹ ਹੈਨ। ਇਕ ਗੁਰੂ ਕੀ ਸੇਵਾ ਕਰਨੀ ਦੂਜੀ ਨਾਮ ਦਾ ਧਿਆਨ ਕਰਨਾ ਤੀਜੇ ਮਨ ਵਿਚੋਂ ਗੁਮਾਨ ਦੂਰ ਕਰਨਾ ਬਸ ਏਹ ਤਿੰਨ ਸਾਧਨ ਸੰਸਾਰ ਰੂਪੀ ਸਮੁੰਦਰ ਥੀਂ ਪਾਰ ਉਤਰਨ ਦੇ ਹੈਨ। ਸੋ ਇਨ੍ਹਾਂ ਦਾ ਨਿਰਨੈ ਏਹ ਹੈ ਕਿ ਸੰਤ ਗੁਰੂ ਬ੍ਰਹਮ ਸ਼ਰੋਤ੍ਰੀ

ਤੇ ਬ੍ਰਹਮ ਨੇਸ਼ਟੀ ਨੂੰ ਢੂੰਡ ਲਭਕੇ ਉਨ੍ਹਾਂ ਦੀ ਸੇਵਾ ਕਰੇ। ਸੇਵਾ ਕਰਕੇ ਰਿਝਾਇ ਕਰ ਨਾਮ ਦੀ ਯਾਚਨਾ ਕਰੇ। ਤੇ ਉਹ ਸੰਤ ਗੁਰੂ ਪਰੇ ਪੂਰਬਲੇ ਨਾਮ ਦੀ ਬਿਧੀ ਪੂਰਬਕ ਦੀਖਿਆ ਦੁਵਾਰਾ ਪੂੰਜੀ ਬਖਸ਼ਨ।

ਯਥਾ ਗੁਰੂ ਗਰੰਥ ਸਾਹਿਬ ਜੀ ਦਾ ਬਚਨ ॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨਿ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜੋ ਫਾਟਿਓ ਸਗਲੋ ਲੇਖਾ ॥

ਸੋ ਇਸ ਪਰੇ ਪੂਰਬਲੇ ਨਾਮ (ਸ਼ਬਦ) ਦੀ ਪੂੰਜੀ ਲੈ ਕੇ ਰੀਤੀ ਪੂਰਬਿਕ ਇਸਦਾ ਅਭਿਆਸ ਕਰੇ ਤੇ ਅਭਿਆਸ ਵਿਚ ਨਾਮ ਦੇ ਅਰਥ ਭਾਵ ਦਾ ਧਿਆਨ ਕਰੇ ਉਸ ਧਿਆਨ ਵਿਚ ਨਾ, ਮੈ ਨਾ, ਮੈ ਕਰਦਿਆਂ ਮੈਂ ਮੇਰੀ ਦੂਰ ਕਰਕੇ ਹਰ ਪ੍ਰਕਾਰ ਦਾ ਜੋ ਗੁਮਾਨ ਮਨ ਵਿਚ ਹੋਵੇ ਉਸਨੂੰ ਤਿਆਗ ਕੇ ਆਪਾ ਮੇਟ ਦੇਵੇ ਏਹ ਤਾਂ ਗੁਰੂ ਸਾਹਿਬ ਜੀ ਦਾ ਹੁਕਮ ਹੈ। ਪਰ ਬੜੇ ਅਸਚਰਜ ਦੀ ਗੱਲ ਹੈ ਕਿ ਅੱਜ ਕੱਲ ਦੇ ਸਾਧ ਗੁਰੂ ਮਤ ਦੇ ਵਿਰੁਧ ਬਾਲਕਾਂ ਇਸਤਰੀਆਂ ਤਕ ਭੀ ਉਲਟਾ ਗੁਮਾਣ ਤੇ ਅਹੰਕਾਰ ਕਰਨ ਦਾ ਹੀ ਉਪਦੇਸ਼ ਦੇਂਦੇ ਹੈਨ ਤੇ ਕਹਿੰਦੇ ਹੈਨ ਤੂੰ ਕਹੁ ਅਹੰ ਬ੍ਰਹਮ ਅਸਮੀ। ਅਰਥਾਤ ਮੈਂ ਬ੍ਰਹਮ ਹਾਂ। ਪਰ ਏਹ ਨਹੀਂ ਜਾਣਦੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੰਜਵੀਂ ਪਾਤਸ਼ਾਹੀ ਨੇ ਇਸੀ ਗੱਲ ਪਰ ਵਡੇ ਕਸ਼ਟ ਸਹਾਰਕੇ ਆਪਣਾ ਸਰੀਰ ਤਕ ਅਰਪਣ ਕਰ ਦਿੱਤਾ ਪਰ ਅਜੇਹਾ ਨਿਖੇਧੀ ਪੱਖ ਦੇ ਵੇਦਾਂਤੀਆਂ ਦਾ ਵਾਕ ਜੋ ਗੁਰੂਮਤ ਦੇ ਵਿਰੁਧ ਸੀ। ਗੁਰੂ ਗਰੰਥ ਸਾਹਿਬ ਜੀ ਵਿਚ ਨਾ ਹੀ ਚੜ੍ਹਾਇਆ। ਜਾਣਿਆ ਕਿ ਐਸਾ ਬਚਨ ਜੇਕਰ ਗੁਰੂ ਗਰੰਥ ਸਾਹਿਬ ਵਿਚ ਰਖਿਆ ਗਇਆ ਤਾਂ ਸਾਡੇ ਪੰਥ ਦੇ ਸਿੱਖ ਕਲਿਆਨ ਹੋਂਦੇ ਹੋਂਦੇ ਉਲਟੇ ਅਧੋਗਤੀ ਨੂੰ ਜਾਉਣਗੇ। ਸੋ ਉਹ ਸਾਖੀ ਇਉਂ ਹੈ।

ਜਦ ਗੁਰੂ ਅਰਜਨ ਜੀ ਮਹਾਰਾਜ ਸਚੇ ਪਾਤਸ਼ਾਹ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦੀ ਮ੍ਰਿਯਾਦਾ ਕੀਤੀ ਤੇ ਭਗਤਾਂ ਦੀਆਂ ਬਾਣੀਆਂ ਵਿਚ ਚੜ੍ਹਾਈਆਂ ਹੈਨ। ਤੇ ਲਾਹੌਰ ਵਿਚ ਭਗਤ ਛੱਜੂ, ਭਗਤ ਪੀਹਲੋ, ਤੇ ਸ਼ਾਹ ਹੁਸੈਨ, ਏਹ ਤਿੰਨ ਭਗਤ ਤੇ ਚੌਥਾ ਕਾਹਨਾ ਗਯਾਨੀ ਇਸਨੇ ਜੋਗ ਸਾਧਨਾ ਭੀ ਸਾਧੀ ਹੋਈ ਸੀ ਰਹਿੰਦੇ ਸੇ। ਇਨ੍ਹਾਂ ਨੇ ਸੁਣਿਆ ਤਾਂ ਚਾਹਿਆ ਕਿ ਸਾਡੀਆਂ ਬਾਣੀਆਂ ਭੀ ਗੁਰੂ ਗਰੰਥ ਸਾਹਿਬ ਜੀ ਵਿਚ ਚੜ੍ਹਨ ਤਾਂ ਚੰਗਾ ਹੈ। ਸੋ ਏਹ ਬਿਚਾਰ ਕੇ ਚਾਰੋਂ ਸ੍ਰੀ ਐਮ੍ਰਿਤਸਰ ਜੀ ਮਹਾਰਾਜ ਜੀ ਦੇ ਪਾਸ ਜਾ. ਹਾਜ਼ਰ ਹੋਏ ਅਰ ਆਪਣੀ ਕਾਮਨਾ ਪ੍ਰਗਟ ਕੀਤੀ। ਤਿਸ ਪਰ ਮਹਾਰਾਜ ਜੀ ਨੇ ਬਚਨ ਕੀਤਾ ਤੁਸੀਂ ਆਪਣੀਆਂ ਬਾਣੀਆਂ ਸੁਣਾਓ ਜੇਕਰ ਸਾਡੇ ਪਸਿੰਦ ਆਈਆਂ ਅਰਥਾਤ ਸਾਡੇ ਆਸ਼ੇ ਨਾਲ ਉਨ੍ਹਾਂ ਦਾ ਆਸ਼ਾ ਮਿਲਿਆ ਤਾਂ ਦੇਖ ਲਵਾਂਗੇ।

ਤਿਸ ਪਰ ਪਹਿਲੋਂ ਬਾਣੀ ਭਗਤ ਛੱਜੂ ਜੀ ਨੇ ਉਚਾਰਨ ਕੀਤੀ—

ਕਾਗਤ ਸੰਦੀ ਪੁਤ੍ਰੀ ਤਊ ਨ ਤ੍ਰਿਆ ਨਿਹਾਰ ॥
ਇਉਂ ਹੀ ਮਾਰ ਲੈ ਜਾਇਗੀ ਜਿਉਂ ਬਲੋਚਾਂ ਨੂੰ ਧਾੜ ॥

ਤਾਂ ਏਹ ਬਾਣੀ ਮਹਾਰਾਜ ਜੀ ਨੇ ਪਸਿੰਦ ਨਾ ਕੀਤੀ, ਬਚਨ ਕੀਤਾ ਅਸਾਂ ਕੂਕਰਿਆਂ ਦਾ ਪੰਥ ਨਹੀਂ ਚਲਾਉਣਾ ਗ੍ਰਿਹਸਤ ਵਿਚ ਪੰਥ ਚਲਾਉਣਾ ਹੈ, ਕੇਵਲ ਆਪਣੀ ਬਿਗਾਨੀ ਇਸਤਰੀ ਦਾ ਵਿਚਾਰ ਚਾਹੀਦਾ ਹੈ।

ਫਿਰ ਪੀਹਲੋ ਜੀ ਨੇ ਬਚਨ ਕੀਤਾ ॥
ਅਸਾਂ ਨਾਲੋਂ ਸੇਈ ਭਲੇ ਜੋ ਜੀਂਵਦਿਆਂ ਮੂਏ ॥
ਉਨਾਂ ਚਿਕੜ ਪਾਉਂ ਨਾ ਡੋਬਿਆ ਨਾ ਅਲੂਦ ਭਰੇ ॥

ਤਾਂ ਏਹ ਬਾਣੀ ਭੀ ਮਹਾਰਾਜ ਦੇ ਪਸਿੰਦ ਨਾ ਆਈ, ਬਚਨ ਕੀਤਾ ਜੀਵਣਾ ਮਰਣਾ ਪ੍ਰਵਾਨ ਹੈ। ਮਾਨੁਖਾ ਜਨਮ ਵਡੇ ਭਾਗਾਂ ਕਰਕੇ ਪ੍ਰਾਪਤ ਹੋਂਦਾ ਹੈ ਤੇ ਜੋ ਜੰਮਦਿਆ ਮਰ ਗਏ ਉਹ ਇਸ ਜਨਮ ਦੇ ਮੋਖ ਰੂਪੀ ਫਲ ਤੋਂ ਐਵੇਂ ਹੀ ਵਾਂਜੇ ਗਏ ਉਹ ਕਿਸੀ ਪ੍ਰਕਾਰ ਭਲੇ ਨਹੀਂ ਗਿਣੇ ਜਾ ਸਕਦੇ।

ਫਿਰ ਕਾਹਨੇ ਨੇ ਬਚਨ ਬੋਲਿਆ ॥

ਉਹੀ ਰੇ ਮੈਂ ਉਹੀ ਰੇ ॥ ਜਾ ਕਉ ਬੇਦ ਪੁਰਾਨ ਸਭ ਗਾਵੈ ਖੋਜਤ ਖੋਜ ਨ ਕੋਈ ਰੇ ॥
ਜਾਕੋ ਨਾਰਦ ਸਾਰਦ ਸੇਵੇਂ ਸੇਵੈਂ ਦੇਵੀ ਦੇਵਾ ਰੇ ॥
ਬ੍ਰਹਮਾ ਬਿਸ਼ਨ ਮਹੇਸ਼ ਅਰਾਧਹਿ ਸਭ ਕਰਦੇ ਜਾਂਕਿ ਸੇਵਾ ਰੇ ॥
ਕਹਿ ਕਾਹਨਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ ॥

ਸੋ ਏਹ ਬਚਨ ਗੁਮਾਨ ਅਤੇ ਹੰਕਾਰ ਦਾ ਭਰਿਆ ਹੋਇਆ ਸੁਣਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਬਹੁਤ ਹੀ ਗੁੱਸਾ ਆ ਗਇਆ, ਅਤੇ ਨੇਤ੍ਰਾਂ ਤੇ ਚੇਹਰੇ ਪਰ ਲਾਲੀ ਆ ਗਈ ਬਚਨ ਕੀਤਾ ਐਸੇ ਹੰਕਾਰ ਦੇ ਬਚਨ ਅਜ ਕਲ ਦੇ ਗਮਾਨੀਆਂ ਜੀਵਾਂ ਦੇ ਸੁਣਾਉਣ ਵਾਲੇ ਨਹੀਂ ਐਸੇ ਬਚਨ ਨਾ ਅਸੀਂ ਸੁਣਦੇ ਹਾਂ ਤੇ ਨਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਝੜਾਉਂਦੇ ਹਾਂ। ਤਿਸ ਪਰ ਭਗਤ ਕਾਹਨਾ ਜੋ ਆਪਣੇ ਗਿਆਨ ਦਾ ਹੰਕਾਰੀ ਸੀ ਉਸਨੂੰ ਰੰਜ ਹੋਇਆ ਅਰ ਬਚਨ ਕੀਤਾ ਮੇਰੀ ਬਾਣੀ ਦਾ ਤੁਸਾਂ ਤ੍ਰਿਸਕਾਰ ਕੀਤਾ ਹੈ ਇਸਦੇ ਬਦਲੇ ਮੈਂ ਤੁਹਾਨੂੰ ਸਰਾਪ ਦੇਂਦਾ ਹਾਂ ਕਿ ਤੁਹਾਡਾ ਸਰੀਰ ਵੈਰੀਆਂ ਦੇ ਹਥੋਂ ਬਿਨਸੇਗਾ। ਤਿਸ ਪਰ ਮਹਾਰਾਜ ਸਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਸਰੀਰ ਦੇ ਬਿਨਸਨ ਦੀ ਪਰਵਾਹ ਨਹੀਂ ਕਿਉਂਕਿ ਸਰੀਰ ਤਾਂ ਪਹਿਲੇ ਹੀ ਬਿਨਸੇ ਹੋਏ ਹੈਨ। ਜੋ ਉਪਜਦਾ ਹੈ ਸੋ ਬਿਨਸਨ ਨੂੰ ਨਾਲ ਲੈ ਕੇ ਹੀ ਉਪਜਦਾ ਹੈ। ਚਾਹੇ ਕੁਝ ਹੋਵੇ ਪਰ ਤੇਰੇ ਬਚਨ ਗੁਰੂ ਗਰੰਥ ਸਾਹਿਬ ਵਿਚ ਰਖ ਕੇ ਅਸੀਂ ਅਪਣੇ ਸਿਖਾਂ ਲਈ ਖੁਟਾਈ ਦਾ ਬੀਜ ਨਹੀਂ ਬੋਂਦੇ। ਤੇ ਤੂੰ ਜੋ ਸਾਨੂੰ ਸਰਾਪ ਦਿੱਤਾ ਹੈ ਸੋ ਸਾਨੂੰ ਮਨਜ਼ੂਰ ਹੈ। ਪਰ ਤੂੰ ਭੀ ਅਜੇਹੇ ਬਚਨਾਂ ਵਾਲਾ ਮੁੜਕੇ ਲਹੌਰ ਪਹੁਚਾਣਾ ਨਹੀਂ ਪਾਏਂਗਾ। ਇਸ ਪ੍ਰਕਾਰ ਸਰਾਪੋ ਸਰਾਪੀ ਹੋ ਰਹੀ ਸੀ ਤਾਂ ਮਹਾਰਾਜ ਜੀ ਨੇ ਗੁੱਸੇ ਨਾਲ ਕਾਹਨੇ ਵੱਲੋਂ ਮੂੰਹ ਫੇਰ ਲਿਆ ਤੇ ਸ਼ਾਹ ਹੁਸੈਨ ਵਲ ਡਿਠਾ। ਤਿਸ ਪਰ ਸ਼ਾਹ ਹੁਸੈਨ ਨੇ ਕਾਹਨੇ ਵਲ ਦੇਖਕੇ ਬਚਨ ਕੀਤਾ।

ਚੁਪ ਵੇ ਅੜਿਆ ਚੁਪ ਬੋਲਨ ਦੀ ਕੁਝ ਜਾ ਵੇ ਨਾਹੀਆਂ ਚੁਪ ਵੇ ਅੜਿਆ ਚੁਪ।

ਤੇ ਮਹਾਰਾਜ ਜੀ ਵਲ ਹਥ ਜੋੜਕੇ ਬਚਨ ਕੀਤਾ। ਤੂੰ ਸਰਬ ਦਾ ਜਾਤਵਾਂ ਹੈਂ। ਤੇਰੇ ਅਗੇ ਚੁਪ ਭਲੀ ਹੈ। ਤਾਂ ਮਹਾਰਾਜ ਜੀ ਬਚਨ ਕੀਤਾ ਠੀਕ ਹੈ, ਚੁਪ ਦੇ ਮੁਕਾਮ ਵਿਚ ਰਹਿਣਾ ਚੰਗਾ ਹੈ। ਫਿਰ ਚਾਰੋਂ ਰੁਖ਼ਸਤ ਹੋਏ। ਤੇ ਜੋ ਕਾਹਨੇ ਨੂੰ ਸਰਾਪ ਹੋਇਆ ਸੀ ਸੋ ਪੂਰਾ ਹੋਇਆ। ਭਾਵੇਂ ਉਸਨੇ ਅਪਣੇ ਰੱਥ ਪਰ ਸ੍ਵਾਰ ਹੋਕਰ ਸ੍ਵਾਸ ਦਸਮ ਦ੍ਵਾਰ ਵਿਖੇ ਝੜਾਇ ਲਏ ਸਨ ਕਿ ਏਥੇ ਕਾਲ ਦਾ ਭੈ ਨਹੀਂ ਹੋਂਦਾ, ਪਰ ਸਖ਼ਤ ਅੰਧੇਰੀ ਦੇ ਆਵਣੇ ਕਰਕੇ ਘੋੜੇ ਆ ਬਿਚਲੇ ਰੱਥ ਡਿਗ ਪਿਆ ਪਹੀਆ ਰੱਥ ਦਾ ਕਾਹਨ ਦੇ ਸਿਰ ਉਪਰੋਂ ਫਿਰਕੇ ਮਗ਼ਜ਼ਾਲੀ ਫੇਹ ਗਇਆ, ਇਸ ਤਰਾਂ ਉਸਦਾ ਅੰਤ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਰੀਰ ਦਾ ਜਿਵੇਂ ਲਾਹੌਰ ਅੰਤ ਹੋਇਆ ਪਰਗਟ ਹੀ ਹੈ ਦੇਹੁਰਾ ਸਾਹਿਬ ਮੌਜੂਦ ਹੈ ਤੇ ਮੇਲਾ ਲਗਦਾ ਹੈ। ਇਸ ਪ੍ਰਸੰਗ ਨੂੰ ਸੁਣਦਿਆਂ ਗੱਚ ਆ ਜਾਂਦਾ ਹੈ ਰੋਮਾਂਚ ਖੜੇ ਹੋ ਜਾਂਦੇ ਹੈਨ।

ਸੋ ਤਾਤਪ੍ਰਯ ਏਹ ਕਿ ਮਹਾਰਾਜ ਜੀ ਨੇ ਅਪਨੇ ਸਿੱਖਾਂ ਜੀ ਕਲਿਆਨ ਲਈ ਅਜਿਹੇ ਦੁਖ ਸਹਾਰੇ ਤੱਤਿਆਂ ਤਵਿਆਂ ਪਰ ਬਠਾਏ ਗਏ, ਤੱਤੇ ਭੱਠਾਂ ਦੇ ਰੇਤੇ, ਤੱਤੇ ਤੇਲ ਕਲਕਾ ਕੇ ਉਪਰ ਪਵਾਏ ਗਏ, ਕੱਚਿਆਂ ਚਮੜਿਆਂ ਵਿਚ ਮੜ੍ਹਾਏ ਜਾਨ ਦੀਆਂ ਤਿਆਰੀਆਂ ਹੋਨ ਤਕ ਨੌਬਤ ਪਹੁੰਚ ਗਈ ਓੜਕ ਜਲ ਦੇ ਕਿਨਾਰੇ ਜਾਕੇ ਇਸ਼ਨਾਨ ਕਰ ਜਪ ਸਾਹਿਬ ਜੀ ਦੇ ਪਾਠ ਦਾ ਭੋਗ ਪਾਇ ਧਿਆਨ ਨੇਸਟ ਹੋਕਰ ਸਰੀਰ ਦਾ ਤਿਆਗ ਕਰ ਦਿੱਤਾ। ਅਜੇਹੇ ਦੁਖ ਸਰੀਰ ਪਰ ਸਹਾਰ ਕੇ ਸਰੀਰ ਤਕ ਦੇ ਦਿੱਤਾ, ਕਾਹਨੇ ਦੇ ਵਾਕ ਗੁਰੂ ਗ੍ਰੰਥ ਸਾਹਿਬ ਪਰ ਨਾਹੀ ਚੜ੍ਹਾਏ। ਕਿਉਂ ਕਿ ਮਹਾਰਾਜ ਜੀ ਜਾਣਦੇ ਸੇ ਕਿ ਅਜੇਹੇ ਹੰਕਾਰ ਅਤੇ ਗੁਮਾਨ ਦੇ ਬਚਨਾਂ ਕਰਕੇ ਸਿੱਖ ਅਧੋਗਤੀ ਨੂੰ ਜਾਣਗੇ। ਸੋ ਵਡੇ ਦੁਖ ਦੀ ਗੱਲ ਹੈ ਕਿ ਅਜ ਕਲ ਦੇ ਗਿਆਨੀ ਉਨ੍ਹਾਂ ਹੀ ਬਚਨਾਂ ਦਾ ਉਪਦੇਸ਼ ਲੋਕਾਂ ਨੂੰ ਕਰ ਰਹੇ ਹੈਨ। ਸੋ ਏਹ ਉਪਦੇਸ਼ ਗੁਰੂ ਕੇ ਮਤ ਦਾ ਨਹੀਂ ਕਾਹਨੇ ਗਿਆਨੀ ਦੇ ਮਤ ਦਾ ਹੈ ਜਿਸਦਾ ਮਹਾਰਾਜ ਜੀ ਨੇ ਤ੍ਰਿਸਕਾਰ ਕਰ ਦਿੱਤਾ ਸੀ। ਸੋ ਇਨਾਂ ਭਲੇ ਲੋਕਾਂ ਦੇ ਚਿੱਤ ਵਿਚ ਇਤਨੀ ਵਿਚਾਰ ਭੀ ਨਹੀਂ ਫੁਰਦੀ ਕਿ ਅਸੀ ਕੀਕਰ ਰਹੇ ਹਾਂ। ਸਚੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਓਹ ਕਰਨੀ ਤੇ ਇਨ੍ਹਾਂ ਦੀ ਏਹ ਕਰਨੀ। ਸੋ ਅਸੀਂ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੇ ਅਗੇ ਏਹੋ ਪ੍ਰਾਰਥਨਾ ਕਰਦੇ ਹਾਂ ਕਿ ਅਜ ਕਲ ਦੇ ਕਲਜੁਗੀ ਗਿਆਨੀਆਂ ਨੂੰ ਵਾਹਗੁਰੂ ਰਾਹ ਲਾਵੇ।

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

(ਵਲੋਂ :—ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ)

## ਜੀਂਦ, ਕੈਂਥਲ ਤੇ ਪਟਿਆਲਾ ਦੇ ਰਾਜਿਆਂ ਦੀ ਸ੍ਰਕਾਰ ਅੰਗ੍ਰੇਜ਼ੀ ਨਾਲ ਗੰਢ ਤੁਪ ਤੇ ਮਹਾਰਾਜਾ ਨੇ ਬਾਬਾ ਜੀ ਨੂੰ ਬੁਲਾ ਭੇਜਣਾ

ਮਹਾਰਾਜਾ ਰਣਜੀਤ ਸਿੰਘ ਨੇ ਪਹਾੜੀ ਦੇ ਇਲਾਕੇ ਦਾ ਜਦੋਂ ਦੌਰਾ ਕੀਤਾ ਸੀ ਰਾਜਵਾੜਿਆਂ ਰਈਸਾਂ ਪਾਸੋਂ ਨਜ਼ਰਾਨੇ ਵਸੂਲ ਕਰਕੇ ਬਾਕੀ ਦੇ ਅਲਾਕੇ ਦੀ ਸੌਧ ਲਈ ਆਪਨੇ ਦੀਵਾਨ ਮੋਹਕਮ ਚੰਦ ਨੂੰ ਭੇਜਿਆ ਸੀ। ਜਿਸ ਨੇ ਥੋੜੇ ਹੀ ਚਿਰ ਅੰਦਰ ਦੁਆਬੇ ਦੇ ਨਾਲ ਨਾਲ ਲਗਦੇ ਅਲਾਕੇ, ਸ੍ਰੀ ਅਨੰਦ ਪੁਰ, 'ਮਾਖੋਂਵਾਲ' ਨੂੰ ਭੀ ਫਤੇ ਕਰਕੇ-ਉਧਰ ਫਿਰੋਜ਼ਪੁਰ ਦਾ ਪਰਗਨਾਂ ਵਡੋਂਨੀ, ਅਤੇ ਮੀਆਂ ਨੌਧੂ ਆਦਿ ਕਈ ਪਿੰਡ ਕਬਜ਼ੇ ਵਿਚ ਕਰ ਲਏ ਸਨ। ਇਸ ਦੀ ਇਸਤ੍ਰਾਂ ਨਾਲ ਵਾਹੋ ਦਾਹੀ ਤੇ ਦਬਦਬੇ ਨੇ ਕਈ ਰਾਜਿਆਂ ਦੇ ਦਿਲ ਹਿਲਾ ਦਿਤੇ ਸਨ। ਜਿਸ ਤੋਂ ਡਰ ਕੇ ਰਾਜਾ ਭਾਗ ਸਿੰਘ ਜੀਂਦ, ਰਾਜਾ ਭਾਈ ਲਾਲ ਸਿੰਘ ਜੀ ਕੈਂਥਲ ਅਤੇ ਪਟਿਆਲਾ ਵਾਲਿਆਂ ਨੇ ਸਲਾਹ ਕਰਕੇ ਸਰਕਾਰ ਅੰਗਰੇਜ਼ੀ ਦੀ ਛਤ੍ਰ ਛਾਇਆ ਹੇਠ ਆ ਜਾਣ ਲਈ ਤਿਆਰੀ ਕੀਤੀ, ਰਾਜਾ ਭਾਗ ਸਿੰਘ, ਰਾਜਾ ਲਾਲ ਸਿੰਘ ਦੇ ਨਾਲ ਦੀਵਾਨ ਚੈਨ ਸਿੰਘ ਦੇ ਕੇ ਰਾਜਾ ਸਾਹਿਬ ਸਿੰਘ ਜੀ ਪਟਿਆਲੇ, ਨੇ, ਇਨ੍ਹਾਂ ਨੂੰ ਮਿ: "ਸਟੀਨ ਸਾਹਿਬ" ਰੇਜ਼ੀਡੈਂਟ ਨਾਲ ਗਲ ਬਾਤ ਕਰਨ ਲਈ ਮਾਰਚ ਸੰਨ ੧੮੦੮ ਨੂੰ ਦਿਹਲੀ ਭੇਜ ਦਿਤਾ। ਜਿਨ੍ਹਾਂ ਦੀ ਦਰਖਾਸਤ ਨੂੰ ਸੁਣ ਪੜ੍ਹ ਕੇ ਰੇਜ਼ੀਡੈਂਟ ਸਾਹਿਬ ਨੇ ਆਖਿਆ-ਕਿ ਸਰਕਾਰ ਅੰਗਰੇਜ਼ੀ ਨਾਲ ਵੀਚਾਰ ਕਰਨ ਤੋਂ ਪਿਛੋਂ ਹੀ ਪ੍ਰਵਾਨਗੀ ਦਿਤੀ ਜਾ ਸਕੇਗੀ ਕਿ ਅਸੀਂ ਕਿਸਤ੍ਰਾਂ ਨਾਲ ਤੁਹਾਡੀ ਜ਼ਿਮੇਂਦਾਰੀ ਲੈ ਸਕਦੇ ਹਾਂ ?

ਇਧਰ ਇਸ ਗੱਲ ਦਾ ਪਤਾ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਲੱਗ ਗਿਆ। ਆਪ ਬਹੁਤ ਕਲਪੇ, ਕਿ ਸਿੱਖ ਸਰਦਾਰ ਲਾਹੌਰ ਦਰਬਾਰ ਤੋਂ ਟੁੱਟ ਕੇ ਅੰਗਰੇਜ਼ਾਂ ਦੀ ਗੁਲਾਮੀ ਹੇਠਾਂ ਕਿਉਂ ਜਾ ਰਹੇ ਹਨ ? ਜਦੋਂ ਕਿ ਮੇਰੀ ਮਰਜ਼ੀ ਉਨ੍ਹਾਂ ਨੂੰ ਕਦੀ ਬੀ ਕਿਸੇ ਤਰ੍ਹਾਂ ਤੰਗ ਕਰਨ ਦੀ ਨਹੀਂ ਹੈ। ਦੀਵਾਨ ਮੁਹਕਮ ਚੰਦ ਨੇ ਕਦੀ ਕੁਝ ਵਧੀਕੀ ਕੀਤੀ ਹੈ ? ਤਾਂ ਉਹਦੇ ਉਤੇ ਵੀਚਾਰ ਕੀਤੀ ਜਾ ਸਕਦੀ ਹੈ। ਕਿਸੇ ਉਤੇ ਵਧੀਕੀ ਕਰਨ ਦੀ ਉਸਨੂੰ ਕੋਈ ਆਗਿਆ ਨਹੀਂ ਸੀ। ਪਰ ਉਹ ਆਪਣੀ ਕਾਰਗੁਜ਼ਾਰੀ ਨੂੰ ਵਧਾਉਂਦੇ ਹੋਇਆਂ ਕੁਝ ਕਰ ਵੀ ਬੈਠੇ ? ਤਾਂ ਨਿਆਂਉ ਦੀ ਥਾਂ ਮੈਂ ਜੋ ਬੈਠਾ ਹੋਇਆ ਹਾਂ। ਇਸ ਲਈ ਉਨ੍ਹਾਂ ਨੂੰ ਮੇਰੇ ਸਾਹਮਣੇ ਬੈਠਕੇ ਆਪਣੇ ਭਰਮ ਭੇਦ ਦੂਰ ਕਰ ਲੈਣੇ ਚਾਹੀਦੇ ਹਨ, ਜਿਸ ਥੀਂ ਮਿਤ੍ਰਤਾ ਵਿੱਚ ਫਰਕ ਪੈਂਦਾ ਦਿਸੇ। ਇਹ ਖਿਆਲ ਆਪਣੀ ਵਲੋਂ ਮਹਾਰਾਜਾ ਜੀ ਨੇ ਉਨ੍ਹਾਂ ਤੀਕ ਪੁਚਾਇਆ ਤੇ ਆਪੋ ਵਿਚ ਮਿਲ ਬੈਠਨ ਲਈ ਹਰਦਵਾਰ ਦੇ ਮੁਕਾਮ ਉੱਤੇ ਉਨ੍ਹਾਂ ਨੇ ਪੁਜਨਾਂ ਮਨਜ਼ੂਰ ਕੀਤਾ। ਪਰ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ੀ ਹਦ ਅੰਦਰ ਇਹ ਮੁਲਾਕਾਤ (ਕਾਨਫਰੰਸ) ਕਰਨੀ ਮਨਾਸਬ ਨਾ ਸਮਝੀ, ਤੇ ਪੰਜਾਬ ਦੀ ਧਰਤੀ 'ਲਖਨੌਰ' ਦੇ ਮੁਕਾਮ ਉਤੇ ਪੁਜਣ ਲਈ ਤਾਕੀਦ ਕੀਤੀ। ਇਸ ਤਜਵੀਜ਼ ਨੂੰ ਰਾਜਾ ਸਾਹਿਬ ਸਿੰਘ ਪਟਿਆਲਾ ਨੇ ਪਹਿਲਾਂ ਤਾਂ ਮੰਨਣ ਤੋਂ ਨਾਂਹ ਕਰ ਦਿਤੀ, ਪਰ ਦੂਜੇ ਸਰਦਾਰਾਂ ਦੇ ਜ਼ੋਰ ਦੇਣ ਉਤੇ ਇਨ੍ਹਾਂ ਨੇ ਵੀ ਪਰਵਾਨ ਕਰ ਲਿਆ, ਤੇ ਉਨ੍ਹਾਂ ਰਾਜਿਆਂ ਦਾ ਇਹ ਇਕੱਠ ਨਵੰਬਰ ਦੇ ਮਹੀਨੇ ਵਿਚ ਲਖਨੌਰ ਦੇ ਮੁਕਾਮ ਉਤੇ ਹੋਣਾ ਨੀਅਤ ਹੋਇਆ।

ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਜ਼ਰੂਰੀ ਸਮਝਿਆ ਕਿ ਬਾਬਾ ਜੀ ਨੂੰ ਵੀ ਲਖਨੌਰ ਦੇ ਮੁਕਾਮ ਉਤੇ

ਆਪਣੇ ਨਾਲ ਲੈ ਜਾਵੇ। ਤਾਂ ਵਿਸਥਾਰ ਨਾਲ ਬੇਨਤੀ ਪਤਰ ਲਿਖ ਭੇਜਿਆ ਜਿਸ ਨੂੰ ਪੜ੍ਹਕੇ ਬਾਬਾ ਜੀ ਸੰਸੇ ਵਿਚ ਪੈ ਗਏ, ਤੇ ਜਾਣ ਤੋਂ ਨਾਂਹ ਕਰ ਦਿਤੀ। ਦੂਜੀ ਵੇਰੀ ਫੇਰ ਇਸੇ ਤਰ੍ਹਾਂ ਹੋਇਆ, ਤਾਂ ਤੀਜੀ ਵੇਰ ਮਹਾਰਾਜਾ ਖੜਕ ਸਿੰਘ ਅਤੇ ਇਨ੍ਹਾਂ ਦੀ ਮਾਤਾ ਮਹਾਰਾਣੀ (ਨਕਾਇਣ) ਨੂੰ ਭੇਜ ਦਿਤਾ। ਜਿਨ੍ਹਾਂ ਨੇ ਬਾਬਾ ਜੀ ਅਗੇ ਸਨਿਮ੍ਰ ਬੇਨਤੀ ਕੀਤੀ, ਅਤੇ ਇਸ ਸਮੇਂ ਆਪ ਦਾ ਵਿਚੋਲੇ ਹੋਣਾ ਬਹੁਤ ਜ਼ਰੂਰੀ ਦਸਿਆ। ਪਰ ਬਾਬਾ ਜੀ ਅਜੇ ਮੰਨੇ ਨਹੀਂ ਸਨ।

ਅਜੇ ਰਾਣੀ (ਨਕਾਣਿ) ਜੀ (ਨੱਕੇ ਦੇ ਸਰਦਾਰ ਰਣ ਸਿੰਘ ਦੀ ਬੇਟੀ ਸੀ) ਤੇ ਸ਼ਾਹਜ਼ਾਦਾ ਖੜਕ ਸਿੰਘ ਕੁਝ ਕਹਿ ਰਹੀ ਰਹੇ ਸਨ, ਤਾਂ ਲਹੌਰ ਥੀਂ ਇਕ ਹੋਰ ਪਤ੍ਰਕਾ ਆਈ—ਕਿ ਜਿਵੇਂ ਹੋ ਸਕੇ ਬਾਬਾ ਜੀ ਨੂੰ ਲਿਆਵਣ ਦੀ ਕਰਨਾ, ਨਹੀਂ ਤਾਂ ਨੱਕ ਨਹੀਂ ਰਹਿਣਾ। ਇਹ ਚਿੱਠੀ ਪੁਜਣ ਤੇ ਰਾਣੀ ਜੀ ਨੇ ਆਪਣੀ ਨੱਥ ਲਾਹ ਕੇ ਬਾਬਾ ਜੀ ਦੇ ਅਗੇ ਰੱਖ ਦਿਤੀ ਤਾਂ ਸ੍ਰੀ ਬਾਬਾ ਜੀ ਨੇ ਆਖਿਆ—'ਬੱਚੀ ਇਹ ਕੀ ਕੀਤਾ?' ਤਾਂ ਮਹਾਰਾਣੀ ਨੇ ਬੇਨਤੀ ਕੀਤੀ—'ਪਾਤਸ਼ਾਹ! ਇਹ ਚਿਠੀ ਪੜ੍ਹੋ! ਜੇ ਨੱਕ ਨਹੀਂ ਰਹਿਣਾ, ਤਾਂ ਨੱਥ ਨੂੰ ਕੀ ਕਰਨਾ ਹੈ?' ਇਸ ਗੱਲ ਦਾ ਉਤਰ ਇਸ ਤੋਂ ਬਿਨਾਂ ਬਾਬਾ ਜੀ ਹੋਰ ਕੁਝ ਨਾ ਦੇ ਸਕੇ ਤੇ ਚਲਣ ਦੀ ਤਿਆਰੀ ਕਰਕੇ ਮਾਂ ਪੁੱਤਰ ਦੋਹਾਂ ਨੂੰ ਪ੍ਰਸੰਨਤਾ ਨਾਲ ਲਹੌਰ ਭੇਜਣਾ ਕੀਤਾ।

ਹੁਣ ਭਾਈ ਦੁਖਭੰਜਨ ਜੀ ਦੇ ਸੇਵਕ ਭਾਈ ਬੱਲੂ ਜੀ ਨੂੰ ਸ੍ਰੀ ਅੰਮ੍ਰਿਤਸਰ ਜਾ ਕੇ ਧਰਮਸਾਲਾ ਬਨਾਉਣ ਦੀ ਆਗਿਆ ਹੋਈ ਤੇ 'ਚਪੜਾਲ' ਦੀ ਤਕੜਾਈ ਦਾ ਪ੍ਰਬੰਧ ਕਰਕੇ ਸਣੇ ਪ੍ਰਵਾਰ ਦੇ ਸ੍ਰੀ ਬਾਬਾ ਜੀ 'ਗੁਨਾ ਚੋਰ' ਦੁਆਬੇ ਵਿਚ ਜਾ ਮੁਕਾਮ ਕੀਤਾ।

## 'ਗੁਨਾ ਚੋਰ' ਤੋਂ 'ਰਾਇਪੁਰ' ਤੇ ਸਿੱਖ ਪਾਸੋਂ ਘੋੜਾ ਲੀਤਾ

'ਗੁਨਾ ਚੋਰ' (ਦੁਆਬੇ ਵਿਚ) ਪੁਜੇ ਤਾਂ ਸੰਗਤਾਂ ਨੇ ਬੜਾ ਉਤਸ਼ਾਹ ਪ੍ਰਗਟਾਇਆ, ਤੇ ਭੇਟਾ ਅਰਪਣ ਕੀਤੀਆਂ। ਇਥੇ ਸੰਗਤਾਂ ਦਾ ਪ੍ਰੇਮ ਦੇਖ ਪ੍ਰਵਾਰ ਨੂੰ ਇਥੇ ਹੀ ਟਿਕਾਇਆ ਤੇ ਚਾਲੇ ਪਾ ਕੇ ਦਰਿਆ ਥੀਂ ਪਾਰ ਹੋਏ 'ਰਾਇਪੁਰ' ਨੇੜੇ ਜਾ ਮੁਕਾਮ ਕੀਤਾ।

ਇਥੋਂ ਦੇ ਇਕ ਸਰਦਾਰ ਨੇ ਸੁੰਦਰ ਘੋੜਾ ਭੇਟ ਕੀਤਾ ਤੇ ਬੇਨਤੀ ਕਰਦੇ ਆਖਿਆ—ਮਹਾਰਾਜ ਇਸ ਦੀ ਮਾਂ ਦੇ ਸਾਰੇ ਬੱਚੇ ਮਰ ਜਾਂਦੇ ਸੀ, ਅਸੀਂ ਸੁਖਣਾ ਸੁਖੀ ਕਿ ਹੁਣ ਦਾ ਬੱਚਾ ਜੀਵਿਆ ਤਾਂ ਬਾਬਾ ਜੀ ਦੀ ਭੇਟਾ ਦਿਆਂਗੇ। ਇਹ ਵਛੇਰਾ ਜੰਮਿਆ ਹੈ। ਜਿਸ ਦਿਨ ਦਾ ਵਛੇਰਾ ਹੋਇਆ ਹੈ, ਅਸੀਂ ਆਪ ਤੀਕ ਪੁੱਜ ਨਹੀਂ ਸਕੇ ਤੇ ਘਰ ਵਿਚ ਦੁੱਖ ਹੀ ਦੁੱਖ ਹੈ। ਭੁਲ ਦੀ ਖਿਮਾਂ ਬਖਸ਼ਕੇ ਪ੍ਰਵਾਨ ਕਰੀਏ ਤਾਂ ਬਾਬਾ ਜੀ ਨੇ ਹੱਸ ਕੇ ਫੁਰਮਾਇਆ—

'ਪਰਾਈ ਅਮਾਨਤ ਕਿਉਂ ਰਖੀਏ ਦਿਤੇ ਹੀ ਸੁਖ ਹੋਏ।' (ਗੁਰਵਾਕ)

ਇਸ ਸਰਦਾਰ ਨੇ ਇਹ ਬੇਨਤੀ ਵੀ ਕੀਤੀ—ਪਾਤਸ਼ਾਂਹ ਐਸੇ ਸਾਧਨ ਦਸੀਏ! ਜਿਸ ਥੀਂ ਸ਼ੁਭ ਗਤੀ ਪ੍ਰਾਪਤ ਕਰ ਸਕੀਏ। ਹਜ਼ੂਰ ਨੇ ਬਚਨ ਕੀਤਾ ਕਿ ਮਾਇਕੀ ਪਦਾਰਥ, ਜੇ ਕਰ ਵਾਹਿਗੁਰੂ ਨੇ ਬਖਸ਼ੇ ਹਨ ਤਾਂ ਵਰਤਣ ਵਿਚ ਬੇਸ਼ੱਕ ਲਿਆਵੋ ਪਰ ਚਿੱਤ ਵਿਚ ਨਾ ਵਸਾਵੋ। ਚਿੱਤ ਵਿਚ ਵਸਾਉਣ ਲਈ ਇਕੋ ਵਸਤੂ ਹੈ ਜੋ ਗੁਰੂ ਨਾਨਕ ਦੇਵ ਦੀ ਦਾਤ—'ਸਤਿਨਾਮ' ਵਾਹਿਗੁਰੂ ਦਾ ਮੰਤਰ ਉਪਦੇਸ਼ ਹੈ। ਫੇਰ-ਸੁਖਮਨੀ ਸਾਹਿਬ ਦਾ ਪਾਠ ਕਰੀਏ, ਤੇ "ਜਿਹ ਪ੍ਰਸਾਦਿ ਛਤੀ ਅੰਮ੍ਰਿਤ ਖਾਹਿ, ਤਿਸ ਠਾਕਰ ਕੋ ਰਖ ਮਨ ਮਾਹਿ, ਐਸੀ ਰੀਤ ਨਿਭਾਹੀਏ! ਸਤਿ ਸੰਗਤਿ ਨਾਲ ਪਿਆਰ ਵਧਾਈਏ, ਕਿਉਂ ਕੇ ਮਨੁਖਾ ਜਨਮ ਬਾਰ ਬਾਰ ਨਹੀਂ ਮਿਲਦਾ ਤੇ ਇਸੇ ਜਨਮ ਵਿਚ ਜੋ ਕੋਈ ਵੀ ਐਸਾ ਉੱਦਮ ਕਰੇਗਾ, ਉਹ ਸਹਿਜੇ ਮੁਕਤੀ ਪਾਇਗਾ।

ਪਾਛਲ ਰਾਤ ਜਾਗ ਕਰ ਨਾਵਨ। ਨਾਮ ਦਾਨ ਦੇ ਸੁਖ ਉਪਜਾਵਨ।<br>
ਯਾਂ ਬਿੱਧ ਗੁਰ ਉਪਦੇਸ਼ ਕਮਾਵੈ। ਸੋ ਨਰ ਮੋਖ ਮੁਕਤਿ ਕੋ ਪਾਵੈ।

# ਭਾਈ ਨੰਦ ਸਿੰਘ ਨੂੰ ਵਰਦਾਨ ਦਿੱਤਾ

ਇਥੇ ਰਾਇਪੁਰ ਵਿਚ ਪ੍ਰੇਮੀ ਸਿੱਖ ਨੰਦ ਸਿੰਘ ਦੇ ਘਰ ਸੰਤਾਨ ਨਹੀਂ ਸੀ, ਇਕ ਦਿਨ ਇਹ ਤੇ ਇਕ ਇਸ ਦਾ ਮਿੱਤਰ ਦੋਵੇਂ ਬਾਬਾ ਜੀ ਦੇ ਦਰਸ਼ਨ ਨੂੰ ਜਾ ਰਹੇ ਸਨ। ਮਿੱਤਰ ਨੇ ਆਖਿਆ, ਨੰਦ ਸਿੰਘ ਬਾਬਾ ਜੀ ਪਾਸੋਂ ਬੇਨਤੀ ਕਰਕੇ ਅਸ਼ੀਰਵਾਦ ਪਾ ਲੈ ! ਹੋ ਸਕਦਾ ਹੈ ਵਡਿਆਂ ਦੀ ਅਸੀਸ ਨਾਲ ਤੇਰੇ ਘਰ ਵੀ ਵਾਹਿਗੁਰੂ ਸੰਤਾਨ ਬਖਸ਼ ਦੇਵੇ। ਤਾਂ ਨੰਦ ਸਿੰਘ ਨੇ ਆਖਿਆ—ਸਤਿਗੁਰਾਂ ਮਹਾਂਪੁਰਸ਼ਾਂ ਤੇ ਬਜ਼ੁਰਗਾਂ ਪਾਸੋਂ ਨਾਮ ਦੀ ਦਾਤ ਮੰਗਣੀ ਚਾਹੀਤੀ ਹੈ ਜੋ ਸਦਾ ਸਹਾਈ ਹੋਵੇ। ਪੁਤਰ ਧੀਆਂ ਤਾਂ ਭਾਗਾਂ ਨਾਲ ਪਿਛਲੇ ਸਬੰਧ ਕਰਕੇ ਆਪੇ ਹੋ ਜਾਣਗੇ, ਮੈਨੂੰ ਹੁਣ ਸਿੱਖੀ ਸਿਦਕ ਤੇ ਨਾਮ ਦੀ ਲੋੜ ਹੈ।

"ਮਾਂਗਨਾਂ ਪੈ ਮਾਂਗਨ ਨੀਕਾਂ ਹਰ ਜਸ ਗੁਰ ਤੇ ਮਾਂਗਨਾ"

ਇਹੋ ਚਰਚਾ ਕਰਦੇ ਦੋਵੇਂ ਮਿੱਤਰ ਹਜ਼ੂਰ ਦੇ ਦੀਵਾਨ ਵਿਚ ਪੁਜੇ, ਦਰਸ਼ਨ ਅਤੇ ਉਪਦੇਸ਼ ਦਾ ਲਾਭ ਲੀਤਾ। ਉਪ੍ਰੰਤ ਬਾਬਾ ਜੀ ਪਾਸੋਂ ਸਿੱਖ ਸੰਗਤਾਂ ਵਿਚੋਂ ਕਈ ਪ੍ਰੇਮੀਆਂ ਨੇ ਅਸੀਸਾਂ ਪ੍ਰਾਪਤ ਕੀਤੀਆਂ ਤਾਂ ਨੰਦ ਸਿੰਘ ਦੇ ਸਾਥੀ ਨੇ ਭੀ ਰਾਹ ਦੀ ਸਾਰੀ ਗੱਲਬਾਤ ਹਜ਼ੂਰ ਅਗੇ ਦੱਸ ਦਿਤੀ, ਜਿਸ ਤੇ ਹਜ਼ੂਰ ਨੇ ਇਸਦੇ ਸਿਦਕ ਪਿਆਰ ਦੀ ਸ਼ਲਾਘਾ ਕੀਤੀ ਤੇ ਫੁਰਮਾਇਆ—ਨੰਦ ਸਿੰਘ ਤੇਰੇ ਘਰ ਪੰਜ ਪੁੱਤਰ ਹੋਣਗੇ ਜੋ ਬੜੇ ਬਲਵਾਨ, ਸਿਖੀ ਸਿਦਕ ਵਿਚ ਪੂਰੇ ਹੋਣਗੇ। ਫੇਰ ਤੇਰੀ ਸਿਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਇਹ ਵਰਦਾਨ ਸੁਣ ਕੇ ਨਿਹਾਲ ਹੋਇਆ ਤੇ ਸਮਾਂ ਪਾ ਕੇ ਬਾਬਾ ਜੀ ਦਾ ਵਾਕ ਵੀ ਸਤਿ ਹੋਇਆ ਸੀ—

ਇਸੇ ਨੰਦ ਸਿੰਘ ਨੇ ਜਦੋਂ ਵਰਦਾਨ ਪ੍ਰਾਪਤ ਕੀਤਾ ਸੀ ਪ੍ਰਸੰਨਤਾ ਵਿਚ ਘਰ ਤੋਂ ਘੋੜੀ ਲਿਆ ਕੇ ਬਾਬਾ ਜੀ ਦੀ ਭੇਟ ਕੀਤੀ ਪਰ ਬਾਬਾ ਜੀ ਨੇ ਮੋੜ ਕੇ ਆਖਿਆ-ਇਸਨੂੰ ਘਰ ਲੈ ਜਾ, ਇਸ ਦੇ ਪੇਟੋਂ ਜੋ ਵਛੇਰਾ ਹੋਵੇਗਾ ਉਹ ਲਿਆ ਦੇਵੀਂ।

ਰਾਤ ਪਈ ਤਾਂ ਇਹਦੇ ਘਰ ਦੋ ਚੋਰ ਆ ਗਏ, ਤੇ ਘੋੜੀ ਨੂੰ ਚੁਰਾਣ ਲਗੇ। ਇਕ ਚੋਰ ਜਦੋਂ ਰਸੀ ਖੋਹਲਣ ਲਗਾ ਤਾਂ ਘੋੜੀ ਨੇ ਜ਼ੋਰ ਦਾ ਚਕ ਮਾਰ ਕੇ ਸਿਰ ਦੇ ਵਾਲਾਂ ਥੀਂ ਪੱਗੜੀ ਸਣੇ ਚੋਰ ਨੂੰ ਫੜ ਲਿਆ। ਦੂਜਾ ਸਾਥੀ ਹੱਥ ਨਾਲ ਘੋੜੀ ਦਾ ਮੂੰਹ ਤੋੜਕੇ ਛੁਡਾਉਣ ਲਗਾ ਸੀ। ਇਹਦਾ ਹਥ ਵੀ ਮੂੰਹ ਵਿਚ ਦਬਾ ਲਿਆ ਤੇ ਲਗੀ ਉਛਾਲਣ। ਚੋਰਾਂ ਦੀਆਂ ਚੀਕਾਂ ਨਿਕਲ ਗਈਆਂ ਤਾਂ ਘਰ ਵਾਲੇ ਜਾਗ ਪਏ। ਨੰਦ ਸਿੰਘ ਦੇ ਪੁਛਣ ਤੇ ਚੋਰਾਂ ਨੇ ਸੱਚ ਸੱਚ ਸਾਰੀ ਗੱਲ ਸੁਣਾ ਦਿਤੀ ਤੇ ਵਾਸਤਾ ਪਾਇਆ-ਕਿ ਅਗੋਂ ਚੋਰੀ ਦਾ ਨਾਮ ਨਹੀਂ ਲਵਾਂਗੇ, ਇਕ ਵੇਰੀ ਛੁਡਾ ਦੇ। ਤਾਂ ਨੰਦ ਸਿੰਘ ਦੇ ਕਹਿਣ ਤੇ ਘੋੜੀ ਨੇ ਚੋਰਾਂ ਨੂੰ ਛਡਿ ਦਿਤਾ ਸਵੇਰ ਹੋਈ ਤਾਂ ਦੋਹਾਂ ਚੋਰਾਂ ਸਮੇਤ ਨੰਦ ਸਿੰਘ ਨੇ ਬਾਬਾ ਜੀ ਅਗੇ ਆ ਕੇ ਰਾਤ ਦੀ ਬੀਤੀ ਗਲ ਸੁਣਾਈ ਜਿਸ ਤੇ ਚੋਰਾਂ ਥੀਂ ਚੋਰੀ ਛੁਡਾਕੇ ਇਨਾਂ ਨੂੰ ਅੰਮ੍ਰਿਤ ਛਕਾ ਸਿੰਘ ਸਜ ਇਆ। "ਸੁਣ ਫਿਹ ਬਿਨੈ ਸੁਧਾ ਤਿਹ ਦੀਨੋ। ਨਾਮ ਜਪੋ ਸਤਿ ਸੰਗ ਪ੍ਰਬੀਨੋ। ਤੱਜ ਚੋਰੀ ਕਰ ਕਿਰਤ ਕਮਾਵੋ। ਵੰਡ ਖਾਏ ਪ੍ਰਭ ਨਾਮ ਧਿਆਵੋ। ਕਾਂਹੂਕੋ ਨਹ ਦੁਖ ਤੁਮ ਦੇਨਾਂ। ਸਾਧ ਸੰਗ ਲਾਹਾ ਕਛੁ ਲੇਨਾਂ।"

ਧਿਆਏ ੧ ਗੁਰਜਸ ਹੁਲਾਸ) ਉਤ੍ਰਾਰਧੇ

# ਬ੍ਰਾਹਮਣ ਲੜਕੇ ਦੀ ਭੇਟਾ ਕਬੂਲ ਕਰਨੀ

ਇਥੇ ਹੀ ਬਾਬਾ ਜੀ ਅਗੇ ਇਕ ਬ੍ਰਾਹਮਨ ਲੜਕੇ ਨੇ ਸਵਾ ਰੁਪਿਆ ਲਿਆ ਕੇ ਭੇਟ ਕੀਤਾ। ਬਾਬਾ ਜੀ ਨੇ ਆਖਿਆ-ਤੂੰ ਮੋੜ ਲੈ ਜਾ ! ਬਰਹਮਣ ਹੈਂ, ਦਾਨ ਦੇਣ ਦੀ ਥਾਂ ਹੈਂ, ਤੇਰੇ ਪਾਸੋਂ ਲੈਣਾ ਯੋਗ ਨਹੀਂ ਹੈ। ਪਰ ਬ੍ਰਾਹਮਣ ਨੇ ਦਸਿਆ—ਮਹਾਰਾਜ ਇਹ ਸੁਖਣਾਂ ਦਾ ਰੁਪਿਆ ਹੈ। ਇਸਤ੍ਰਾਂ ਨਾਲ-ਕਿ ਮੇਰਾ ਪਿਤਾ ਪਟਿਆਲੇ ਦੀ ਫੌਜ ਵਿਚ ਨੌਕਰ

ਸੀ ਉਹ ਲੜਾਈ ਵਿਚ ਮਾਰਿਆ ਗਿਆ ਸੀ। ਉਹਨੇ ਮੈਨੂੰ ਸੁਪਣੇ ਵਿਚ ਆ ਕੇ ਆਖਿਆ—ਮੈਂ ਨਿਮਕ ਹਲਾਲੀ ਕੀਤੀ ਹੈ, ਸਨਮੁਖ ਲੜ ਮੋਇਆ ਹਾਂ, ਜਿਸ ਤੇ ਸ਼ਹੀਦਾਂ ਦੀ ਸੰਗਤ ਵਿਚ ਸ਼ਾਮਲ ਕੀਤਾ ਗਿਆ ਹਾਂ। ਮੇਰਾ ਵਾਸਾ 'ਨੰਦੇੜ' ਦਖਣ-ਸ੍ਰੀ ਅਬਚਲ ਨਗਰ ਵਿਚ ਕੀਤਾ ਗਿਆ ਸੀ ਹੁਣ ਬਾਬਾ ਸਾਹਿਬ ਸਿੰਘ ਜੀ ਲਖਨੌਰ ਜਾ ਰਹੇ ਹਨ, ਤੇ ਸ਼ਹੀਦੀ ਫੌਜ ਨੂੰ ਉਨ੍ਹਾਂ ਨਾਲ ਜਾਣ ਦੀ ਆਗਿਆ ਹੋਈ ਹੈ ਜਿਸ ਤੇ ਮੈਂ ਵੀ ਉਥੇ ਜਾ ਰਿਹਾ ਹਾਂ ਨਾਲ ਹੀ ਪਿਤਾ ਜੀ ਨੇ ਇਹ ਵੀ ਆਖਿਆ-ਕਿ ਕੁਝ ਮੋਹਰਾਂ ਘਰ ਅੰਦਰ ਦਬੀਆਂ ਪਈਆਂ ਹਨ ਕੱਢ ਲੈਣਾ—

ਇਹ ਸੁਣਕੇ ਮੇਰੀ ਅੱਖ ਖੁੱਲ ਗਈ। ਮਾਂ ਨਾਲ ਗਲ ਕੀਤੀ ਤੇ ਸਾਰਾ ਅੰਦਰ ਪੁੱਟ ਮਾਰਿਆ ਸੀ ਕੁਝ ਨ ਮਿਲਿਆ ਫਿਰ ਸਵਾ ਰੁਪਿਆ ਆਪ ਦੀ ਭੇਟਾ ਦੀ ਸੁਖਣਾਂ ਸੁਖੀ ਤਾਂ ਮੋਹਰਾਂ ਮਿਲ ਗਈਆਂ ਸਨ। ਸੋ ਆਪ ਜੀ ਪਾਸ ਭੇਟਾ ਲੈ ਕੇ ਪੁੱਛਦਾ ਪੁਛਾਂਦਾ ਹਜ਼ਰ ਹੋਇਆਂ ਹਾਂ, ਇਹ ਆਪ ਦੀ ਸੁਖਣਾਂ ਹੈ ਪ੍ਰਵਾਨ ਕਰੀਏ, ਤਾਂ ਬਾਬਾ ਜੀ ਨੇ ਇਸ ਦਾ ਪ੍ਰੇਮ ਦੇਖ ਕੇ ਲੈ ਲੀਤਾ ਅਤੇ ਉਪਦੇਸ਼ ਨਾਲ ਨਿਆਜਦੇ ਹੋਇ ਉਸਨੂੰ ਸਿਖ ਬਣਾਇਆ ਤੇ ਚਲ ਪਏ। ਇਥੋਂ ਰਾਇਪੁਰ ਗੁੱਜਰਵਾਲ ਥੀਂ ਚਲ ਕੇ ਬਾਬਾ ਜੀ ਮੈਰਾਜ ਪਿੰਡ ਆਨ ਬਿਰਾਜੇ। ਇਥੋਂ ਦੀਆਂ ਸੰਗਤਾਂ ਨੂੰ ਨਾਮ ਬਾਣੀ ਤੇ ਉਪ੍ਰੰਤ ਅੰਮ੍ਰਿਤ ਬਖਸ਼ ਕੇ ਸਿੰਘ ਸਜਾਇਆ ਤੇ ਇਥੋਂ ਫੇਰ ਲਖਨੌਰ ਵਲ ਨੂੰ ਚਾਲੇ ਪਾ ਦਿਤੇ।

# ਲਖਨੌਰ ਵਿਚ ਸਿੱਖ ਰਾਜਿਆਂ ਦੀ ਬਾਬਾ ਜੀ ਦੀ ਛੱਤਰ ਛਾਇਆਂ ਹੇਠ ਇਕੱਤ੍ਰਤਾ

ਉਧਰੋਂ ਲਹੌਰ ਥੀਂ ਚਲਕੇ ਮਹਾਰਾਜਾ ਰਣਜੀਤ ਸਿੰਘ ਜੀ ਵੀ ਲਖਨੌਰ ਪੁੱਜ ਗਏ ਸਨ ਅਤੇ ਰਾਜਾ ਭਾਗ ਸਿੰਘ ਰਾਜਾ ਲਾਲ ਸਿੰਘ ਤੇ ਰਾਜਾ ਸਾਹਿਬ ਸਿੰਘ ਪਟਿਆਲਾ ਨੇ ਵੀ ਆਪਣੇ-2 ਕੈਂਪ ਪਿੰਡ ਥੀਂ ਲਗਾ ਦਿਤੇ ਸੀ। ਇਧਰੋਂ ਮੈਹਾਰਾਜ ਪਿੰਡ ਥੀ ਚਲ ਕੇ ਜਦੋਂ ਸ੍ਰੀ ਬਾਬਾ ਜੀ ਵੀ ਲਖਨੌਰ ਆਏ ਪੁੱਜੇ-ਤਾਂ ਮਹਾਰਾਜਾ ਸਮੇਤ ਸਾਰੇ ਰਾਜਿਆਂ ਤੇ ਸਰਦਾਰਾਂ ਨੇ ਹਜ਼ੂਰ ਦਾ ਸਵਾਗਤ ਕਰਦਿਆਂ ਭੇਟਾ ਦੇ ਕੇ ਨਿਮਸਕਾਰਾਂ ਕੀਤੀਆਂ। ਇਸ ਸਮੇਂ ਹੋਰ ਭੀ ਨੇੜੇ ਤੇੜੇ ਦੇ ਕਈ ਸਰਦਾਰ ਰਈਸ ਦਰਸ਼ਨ ਨੂੰ ਆਏ, ਇਨ੍ਹਾਂ ਨੇ ਨਜ਼ਰਾਨੇ ਪੇਸ਼ ਕੀਤੇ ਤੇ ਖੁਸ਼ੀਆਂ ਪਾਈਆਂ।

ਪਿੰਡ ਦੇ ਇਕ ਪਾਸੇ ਬਾਬਾ ਜੀ ਦਾ ਕੈਂਪ ਬੀ ਲੱਗ ਗਿਆ। ਰਾਤ ਅਰਾਮ ਕੀਤਾ। ਫਿਰ ਅੰਮ੍ਰਿਤ ਵੇਲੇ ਨਿੱਤ ਨਿਯਮ ਦਾ ਅਨੁਸਾਰ ਪਹਿਰ ਰਾਤ ਰਹਿੰਦੀ ਸੌਚ ਅਸ਼ਨਾਨ, ਉਪ੍ਰੰਤ ਸ੍ਰੀ ਜੱਪਜੀ ਸਾਹਿਬ ਦਾ ਪਾਠ ਕੀਤਾ, ਪਹੁ ਫੁਟੱਦੀ ਅੰਤਰ ਧਿਆਨ ਹੋ ਸਮਾਧੀ ਵਿਚ ਇਸਥਤ ਰਹੇ। ਸੂਰਜ ਕਿਰਣ ਨਿਕਲਣ ਵੇਲੇ ਦੀਵਾਨ ਸਜਿਆ, ਜਿਸ ਵਿਚ ਗ੍ਰੀਬ ਅਮੀਰ ਪਰਜਾ ਰੂਪ ਸਿਖ ਸੰਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰੀ ਭਰੀ, ਤੇ ਕੀਰਤਨ ਕਥਾ ਉਪਦੇਸ਼ ਸੁਨੇ, ਮਗਰੋਂ ਦੀਵਾਨ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਗਿਆ।

ਹੁਣ ਤੀਜੇ ਪਹਿਰ ਮਿਥੇ ਵੇਲੇ ਸ੍ਰੀ ਬਾਬਾ ਜੀ ਦੀ ਹਜ਼ੂਰੀ ਵਿਚ ਸਾਰੇ ਰਾਜੇ ਇਕੱਤ੍ਰ ਹੋਇ। ਜਿਸ ਕਾਰਨ ਲਈ ਆਇ ਸਨ, ਉਸ ਤੇ ਵੀਚਾਰ ਆਰੰਭ ਹੋਈ। ਸਭ ਥੀਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਾਰੇ ਆਏ ਰਾਜਿਆਂ ਨੂੰ ਸੰਬੋਧਨ ਕਰਦੇ ਆਖਿਆ—ਕਿ ਲਾਹੌਰ ਦਰਬਾਰ ਉਤੇ ਬਿਅਰਥ ਸ਼ੱਕ ਕਰਦੇ ਹੋਏ ਬਿਗਾਨਿਆਂ ਪਾਸੋਂ ਰਖਿਆ ਦੀ ਮੰਗ ਕੀਤੀ ਗਈ ਹੈ। ਇਹ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਕਿ ਜੋ ਜੋ ਬਖਸ਼ਸ਼ਾਂ ਸਤਿਗੁਰਾਂ ਦੀਆਂ ਤੁਸਾਨੂੰ ਹੋਈਆਂ ਹਨ—ਉਹ ਤੁਸਾਡੇ ਲਈ ਨਿਸਚੱਤ ਹਨ।

ਮੈਂ ਉਹਨਾਂ ਨੂੰ ਸਾਡੇ ਪਾਸੋਂ ਖੋਹਣ ਨੂੰ ਤਿਆਰ ਨਹੀਂ ਹਾਂ। ਹਾਂ ਇਤਨੀ ਗਲ ਜ਼ਰੂਰ ਹੈ, ਅਤੇ ਮੇਰੀ ਖੁਸ਼ੀ ਵੀ ਇਸੇ ਗਲ ਵਿਚ ਹੈ, ਕਿ ਤੁਸੀਂ ਜਿਹੜੇ ਖਾਲਸਾ ਰਾਜ ਦੇ ਯੋਗ ਅਤੇ ਜ਼ਰੂਰੀ ਅੰਗ ਹੋ। ਤੁਹਾਡਾ ਸਬੰਧ ਲਾਹੌਰ ਦਰਬਾਰ

ਨਾਲ ਸਦਾ ਲਈ ਬਣਿਆਂ ਰਹੇ, ਤੇ ਅਸੀਂ ਲੋੜ ਅਨੁਸਾਰ ਤੇ ਸਮੇਂ ਅਨੁਸਾਰ ਇਕ ਦੂਜੇ ਦੇ ਕੰਮ ਆਇਆ ਕਰੀਏ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਇਸ ਗੱਲ ਨੂੰ ਦੂਜੇ ਰਾਜਿਆਂ ਨੇ ਭਲੀ ਪ੍ਰਕਾਰ ਸੁਣਿਆ ਤੇ ਵੀਚਾਰਿਆ— ਪਰ ਰਾਜਾ ਸਾਹਿਬ ਸਿੰਘ ਪਟਿਆਲਾ ਨੂੰ ਇਹ ਗਲ ਚੰਗੀ ਤਰ੍ਹਾਂ ਨ ਜਚ ਸਕੀ ਤੇ ਕਈ ਦਲੀਲਾਂ ਨਾਲ ਖੰਡਨ ਕਰਕੇ ਅਪਣਾ ਪੱਖ ਸਿਧ ਕਰਣ ਦਾ ਯਤਨ ਕੀਤਾ ਪਰ ਮਹਾਰਾਜਾ ਜੀ ਨੇ ਇਨ੍ਹਾਂ ਦੀਆਂ ਸਾਰੀਆਂ ਗਲਾਂ ਨੂੰ ਕੇਵਲ ਵੈਹਮ ਹੀ ਪ੍ਰਗਟ ਕੀਤਾ, ਤੇ ਇਥੋਂ ਤੀਕ ਆਖਿਆ-ਕਿ ਅਗੋਂ ਲਈ ਜੇਕਰ ਸਾਡਾ ਤੁਹਾਡਾ ਭਾਈਚਾਰਾ ਬਣਿਆ ਰਹੇ ਤਾਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਦੇ ਸਨਮੁਖ ਮੈਂ ਭਰੋਸਾ ਦਿੰਦਾ ਹਾਂ-ਕਿ ਜੋ ਤੁਸਾਡਾ ਦੁਸ਼ਮਣ ਉਹ ਮੇਰਾ ਦੁਸ਼ਮਣ ਅਤੇ ਜੋ ਤੁਸਾਡਾ ਦੋਸਤ ਉਹ ਮੇਰਾ ਦੋਸਤ ਹੋਵੇਗਾ।

ਇਸ ਦੇ ਨਾਲ ਹੀ ਬਾਬਾ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਇਸ ਗਲ ਦੀ ਪ੍ਰੋੜਤਾ ਕੀਤੀ ਤੇ ਏਕਤਾ ਦਾ ਉਪਦੇਸ਼ ਦਿੰਦੇ ਹੋਏ ਸਾਰਿਆਂ ਰਾਜਿਆਂ ਤਾਂਈਂ ਫੁਰਮਾਇਆ-"ਮਾਂ ਮਾਰੇਗੀ ਪਰ ਮਾਰਨ ਨ ਦੇਵੇਗੀ" ਕਹਾਵਤ ਅਨੁਸਾਰ ਅਪਣਿਆਂ ਨਾਲੋਂ ਨ ਤੋੜੀਏ ! ਜਿਨ੍ਹਾਂ (ਅੰਗ੍ਰੇਜ਼ਾਂ) ਨਾਲ ਤੁਸੀਂ ਜੋੜਨਾ ਚਾਹੁੰਦੇ ਹੋ, ਉਹ ਵੀ ਲਾਭਕਾਰੀ ਨਹੀਂ ਹੋਣਗੇ ਤੁਸਾਡੇ ਹੀ ਕਥਨ ਲਿਖਣ ਅਨੁਸਾਰ ਜੇਕਰ ਰਣਜੀਤ ਸਿੰਘ ਤੇਈਏ ਦਾ ਤਾਪ ਹੋ ਕੇ ਖੂੰਨ ਚੂਸ ਲਏਗਾ, ਤਾਂ ਅੰਗਰੇਜ਼ ਵੀ ਕਾਫੀ ਰੋਗ (ਤਪੇਦਿਕ) ਹਨ, ਜੋ ਸਣੇ ੨ ਸ੍ਰੀਰ ਦੀ ਸਾਰੀ ਰਤ ਚੂੰਘ ਕੇ ਮਾਰ ਮੁਕਾਉਣਗੇ । ਪਰ ਆਪਣੇ ਫਿਰ ਵੀ ਆਪਣੇ ਹਨ । ਜੇ ਵਿਗਾੜਨਗੇ ? ਤਾਂ ਉਲਾਹਮਾਂ ਇਨ੍ਹਾਂ ਦੇ ਸਿਰ ਬਣਿਆ ਰਹੇਗਾ। ਹੁਣ ਜੋ ਤੁਸਾਡੀ ਸਾਰਿਆਂ ਦੀ ਮਰਜ਼ੀ ਹੈ ਕਰੀਏ

ਯਥਾ— ਸਗਲ ਤ੍ਰਿਪਤ ਪਟਿਆਲੇ ਆਦਿ, ਤਿਨੈ ਕਹਿਯੋ ਸੁਨ ਤਜੋ ਬਿਖਾਦਿ।
ਯੋਹ ਤੇਈਏ ਕੋ ਤਾਪ ਪਛਾਨੋ, ਕਫੀ ਰੋਗ ਅੰਗਰੇਜੋਂ ਜਾਨੋ।

(ਉਤ੍ਰਾਰਧ ਧਿ: ੩)

ਸ੍ਰੀ ਬਾਬਾ ਜੀ ਨੇ ਉਕਤ ਬਚਨਾਂ ਨਾਲ ਸਹੀ ਗੱਲ ਸਾਰਿਆਂ ਦੇ ਸਾਹਮਣੇ ਰੱਖ ਦਿਤੀ ਸੀ। ਭਾਵੇਂ ਆਪਣੇ ਸਬੰਧੀ ਬਾਬਾ ਜੀ ਦੇ ਵਿਚਾਰ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਕੜਵੇ ਹੀ ਪ੍ਰਤੀਤ ਹੋਇ ਸੀ, ਪਰ ਬਾਬਾ ਜੀ ਦੀ ਹੀ ਇਕ ਮਹਾਨ ਹਸਤੀ—ਇਸ ਸਮੇਂ ਸਭ ਦੇ ਸਾਹਵੇਂ ਹੈਗੀ ਸੀ, ਜੋ ਮੂੰਹ ਉਤੇ ਪੰਜਾਬ ਦੇ ਬਾਦਸ਼ਾਹ ਨੂੰ ਵੀ ਇਸ ਕਰ੍ਹਾਂ ਆਖਣ ਦੀ ਸੱਤਾ ਰਖਦੀ ਸੀ। ਇਨ੍ਹਾਂ ਦੇ ਬਚਨਾਂ ਤੋਂ ਰਾਜਾ ਜੀਂਦ, ਕੈਂਥਲ ਅਤੇ ਪਟਿਆਲਾ ਨੂੰ ਆਪਣਾ ਭਵਿਖਤ ਸਪਸ਼ਟ ਦਿਸ ਰਿਹਾ ਸੀ, ਪਰ ਸ੍ਰੀ ਬਾਬਾ ਜੀ ਦੀ ਏਕਤਾ ਉਤੇ ਕੀਤੇ ਗਏ ਉਪਦੇਸ਼ ਤੇ ਇਨ੍ਹਾਂ ਸਾਹਮਣੇ ਮਹਾਰਾਜਾ ਵਲੋਂ ਭਰੋਸੇ ਦੇ ਦਿਤੇ ਗਏ ਬਚਨਾਂ ਉਤੇ ਵਿਸ਼ਵਾਸ਼ ਕਰ ਕੇ ਰਾਜਾ ਸਾਹਿਬ ਸਿੰਘ ਪਟਿਆਲਾ ਨੇ ਵੀ ਦੋਸਤੀ ਰਖਣੀ ਪ੍ਰਵਾਨ ਕਰ ਲਈ। ਕਿਉਂਕਿ ਅਜੇ ਤੀਕ ਅੰਗਰੇਜ਼ਾਂ ਪਾਸ ਦਿਤੀ ਦਰਖਾਸਤ ਦਾ ਉਪਰ ਵੀ ਕੋਈ ਨਹੀਂ ਸੀ ਆਇਆ ਤੇ ਇਸ ਸਮੇਂ ਨੂੰ ਹਥੋਂ ਗੰਵਾ ਦੇਣਾ ਵੀ ਇਨ੍ਹਾਂ ਨੇ ਚੰਗਾ ਨਾ ਜਾਣਿਆ ਸੀ, ਪਰ ਅੱਜ ਦੇ ਦਿਨ ਵਿਚਾਰਾਂ ਤੇ ਉਲਾਹਮਿਆਂ ਵਿਚ ਵਧੇਰੇ ਸਮਾਂ ਲੱਗ ਜਾਣ ਕਰ ਕੇ ਇਹ ਮਿਤ੍ਰਤਾਈ ਪੱਕੇ ਢੰਗ ਨਾਲ ਨੇਪਰੇ ਨਾ ਚੜ੍ਹੀ ਤੇ ਕਿਸੇ ਦੂਜੇ ਸਮੇਂ ਦੀ ਬੈਠਕ ਰੱਖ ਕੇ ਸਾਰੇ ਆਪੋ ਆਪਣੇ ਡੇਰਿਆਂ ਨੂੰ ਚਲੇ ਗਏ।

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ

## ਅਤ ਕਥਾ ਪ੍ਰਸੰਗ

੧ ਸਕੰਧ ਪੁਰਬਾਰਧ—੧੪ ਅਧਯਾਯ

(ਲੜੀ ਜੋੜਨ ਲਈ ਪਿਛਲਾ ਦੇਖੋ ਅਜੂਨੀ)

ਜੈਸੇ ਕੁਲੰਗੋਂ ਕੇ ਸਮੂੰਹ ਪਰ ਕੂਹੀਆ ਜਾਇ ਪਰਤਾਯਾ ਹੋ ਜੈਸੇ ਬਟੇਰਯੋਂ ਕੀ ਸਮੂਹ ਪਰ ਬਾਜ ਜਾਇ ਪਰਤੇ ਹੋ । ਜੈਸੇ ਦਛਪ੍ਰਜਾ ਪਤਿ ਪਰ ਭੀ ਭਦਰ ਜਾਇ ਪਰਯੋਥੇ ਔ ਐਸੇ ਗਰੁੜ ਸਰਪੋਂ ਪਰ ਧਾਵੈ ਕਰਤੇ ਹੈ । ਤੈਸੇ ਸਿੰਘ ਤੁਰਕੋਂ ਪਰ ਬਲ ਸੇ ਹਲਾ ਕਰ ਕੇ ਜਾਇ ਪਰੇ । ਜੈਸੇ ਦੋਨੋਂ ਔਰ ਸੇ ਬਾਦਲੋਂ ਕੀ ਸਯਾਮ ਘਟਾ ਆਪਸ ਮੇਂ ਮਿਲ ਜਾਇਆ ਕਰਤੀ ਹੋ ਹੈਸ਼ੇ ਸਿੰਘੋਂ ਔਰ ਤੁਰਕੋਂ ਦੀ ਸੈਨਾ ਮਿਲ ਜਾਤੀ ਭਈ ਔ ਬਜਨੀਐ ਕੇ ਸਮਾਨ ਤੇਗਾ ਬਰਛੀਆਂ ਨੰਗੀਆਂ ਚਮਕ ਰਹੀ ਹੋ ਬਡਯਾਂ ਲੰਮੀਆਂ ਲੰਮੀਆਂ ਭੁਜਾਂ ਉਲਾਰ ਉਲਾਰ ਕੇ ਵਾਰੋ ਵਾਰੀ ਵੰਗਾਰ ਵੰਗਾਰ ਕੇ ਤੇਗਾਂ ਬਰਛੀਆਂ ਸੁਰਮ ਵਾਹਤੇ ਹੋ । ਤਿਸ ਸਮੇਂ ਮੈਂ ਸ੍ਰੀ ਗੁਰੂ ਸਾਹਿਬ ਸਿੰਘ ਜ਼ੀ ਕੇ ਦਰਸ਼ਨ ਬਹੁਤਯੋਂ ਸਿੰਘੋ ਕੋ ਹੋਤੇ ਭਯੇ ਮਹਾਰਾਜ ਆਪ ਸਬਜ ਘੋੜੇ ਉਪਰ ਸਵਾਰ ਅਸਵਾਰ ਹੋ ਸਵੇਦ ਦਾਢੋ ਹੇ ਸਬਜ ਪੁਸ਼ਾਕ ਪੈਹਰੀ ਹੂਈ ਹੋ ਔ ਸਬਜ ਹੀ ਨੇਜੇਂ ਹਾਥ ਮੇਂ ਹੋ ਸੂਰਮਈ ਬਾਣੇ ਵਾਲੀ ਸ਼ਹੀਦੋਂ ਸਿੰਘੋਂ ਕੀ ਸੈਨਾ ਸਾਥ ਮੇਂ ਹੈ ਔ ਤੁਰਕੋਂ ਕੋ ਮਾਰ ਰਹੇ ਹੋ ਚਾਰਕ ਘੜੀ ਪ੍ਰਯੰਤ ਸਾਰਸੇਸਾਰ ਬਾਜਤੇਂ ਭਯੋ ਬਾਣ ਬਰਛੀ ਤਰਵਾਰੇ ਨੰਗੀਆਂ ਸੂਰਮਯੋਂ ਕੇ ਹਾਥੋਂ ਮੇਂ ਏਕਯਜਾ ਲਹੂ ਕੇ ਬੀਚ ਸੇ ਡੁਬ ਕੇ ਨਿਕਸਯਾਂ ਐਸੇ ਸੋਹਤਯਾਂ ਭਈਆ ਮਾਨੋ ਮਿਲਕੇ ਬਹੁਤਮਯਾਂ ਦੇਵੀਯਾਂ ਇਸ਼ਨਾਨ ਕਰਕੇ ਸੁਰਸ਼ਤੀ ਗੰਗਾ ਮੇਂ ਸੋ ਨਿਕਸਯ ਹੈ ।

ਸੂਰਬੀਰੋਂ ਕੇ ਹਾਥ ਸੇ ਬਹੀਆਂ ਹੁਆਂ ਤਲਵਾਰਾਂ ਬੀਰੋਂ ਕੇ ਸਰੀਰੋਂ ਕੋ ਸੇਨ ਮੰਜੋਇ ਤੇ ਖੱਲ ਔਪਟੀਆਂ ਕੋ ਐਸੇ ਚੀਰਤਯਾਂ ਜਾਤੀਆਂ ਹੈਂ ਜੈਸੇ ਕਾਂਸੀ ਸ਼ੇਂ ਕਲਵਤਰ ਸਰੀਰ ਕੇ ਦੋ ਦੋ ਟੁਕੜੇ ਕਰ ਕੇ ਫੈਂਕ ਦੇਤੇ ਹੋ । ਜਬ ਖੂਬ ਰਾਹਕੇ ਤਲਵਾਰ ਕੇ ਯੁਧ ਘੜੀ ਚਾਰਕ ਲੋਹੇਤੇ ਭਯੋ ਲੋਯੋ ਉਪਰ ਲੋਥੈਂ ਚਢ ਜਾਤੀ ਭਈ ਤਬ ਤੁਰਕੋਂ ਕੇ ਮੁੱਖ ਮੁੜ ਗਯੋ ਜਬ ਤੁਰਕੋਂ ਕੋ ਪਾਉ ਖਿਮਕਯੋਂ ਤਬ ਸਿੰਘੋਂ ਕੇ ਮਨ ਬਢ ਗਯੋ ਖੂਬ ਤੁਰਕੋਂ ਕੇ ਊਪਰ ਤਰਵਾਰੋਂ ਕੀ ਝਾਰ ਕਰੀ । ਭਾਗਤੇ ਹੂਏ ਮਾਰੀ ਹੀ ਜਾਤੇ ਹੈਂ ਪੀਛੇ ਕੋ ਮੁਖ ਕਰ ਕੇ ਝਾਕਤੇ ਭੀ ਨਹੀਂ ਹੈ ਊਪਰ ਨੀਚ ਮਾਰੇ ਸਿੰਘੋ ਕੇ ਡਰਕੇ ਗਿਰਤੇ ਪਰਤੇ ਚਲੇ ਜਾਤੇ ਹੈਂ ਕਹੂੰ ਭੀ ਤੁਰਕੋਂ ਕੇ ਊਪਰ ਇੰਦਰ ਦੇ ਬਜਰ ਕੇ ਸਮਾਨ ਸਿੰਘੋਂ ਕੀ ਤਲਵਾਰ ਪਰਜਾਤੀ ਭਈ । ਮਰਦੋਂ ਔ ਘੋੜਯੋਂ ਪਰ ਕਲਰਾਤਰੀ ਸਮ ਵਿਧਨ ਰਾਇ ਵਿਰਾਤੀ ਭਈ । ਰਸਤਯੋਂ ਮੇਂ ਬਣੋਂ ਮੇਂ ਪਰਬਤੋਂ ਕੀ ਕੁੰਦਰੋਂ ਮੇਂ ਖਡੋਂ ਮੇਂ ਦਰਿਆਉਂ ਮੇਂ ਜਿਸ ਔਰ ਦੇਖੋ ਤਿਸ ਔਰ ਤੁਰਕੋਂ ਕੇ ਮੁਰਦੇ ਹੀ ਪਰੇ ਹੈਂ ।

ਪ੍ਰਾਤਹ ਕਾਲ ਸੇ ਖਾਲਸਾ ਜਿਉਂ ਤੁਰਕੋਂ ਕੀ ਫੌਜ ਕੋ ਕਾਟਨੇ ਲਾਗੇ ਹੈ ਖੇਤੀ ਕੀ ਨਿਯਾਈਂ ਅਰਧ ਰਾਤਰੀ ਪ੍ਰਯੰਤ ਕਿਸਾਨ ਵਡ ਕਾਟਤੇ ਹੀ ਚਲਯੇ ਗਯੇ ਬਡੀ ਭਾਰੀ ਫਤਹ ਪਾਈ ਅਰਧ ਰਾਤਰੀ ਕੋ ਜੀਤ ਕੋ ਬਿਕਲ ਜਾਏ ਬਾਜਤੇ ਭਯੇ । ਬਾਜ਼ਾਰੋਂ ਮੇਂ ਪਰਬਤੋਂ ਪਰ ਦਰਿਆਉਂ ਮੇਂ ਜਾਲਯੋਂ ਕੇ ਬੀਚ ਖਡੋਂ ਕੇ ਬੀਚ ਰਸਤਯੋਂ ਬੀਚ ਜਹਾਂ ਤਹਾਂ ਤੁਰਕ ਹੀ ਤੁਰਕ ਮਾਰੇ ਪਰੇ ਹੈਂ ਨਾ ਜਾਨੇ ਕੌਨ ਮਾਰ ਗਯੇ ਹੈ । ਤੁਰਕੋਂ ਕੋ ਮਾਰਤੇ ਮਾਰਤੇ ਸਿੰਘੋਂ ਕੇ ਹਾਥ ਸੁਜ ਕਰ ਤਲਵਾਰੋਂ ਦੀ ਮੁਠ ਮੇਂ ਧਸ ਜਾਤੇ ਭਯੇ । ਔ ਲੂਟ ਭੀ ਸਿੰਘ ਬਡੀ ਭਾਰੀ ਲੂਟੀ ਏਕ ਏਕ ਸਿੰਘ ਮਾਲਕ ਭਰੇ ਹੂਏ ਪੰਚਾਸ ਕੋਈ ਪੰਚੀਸ ਕੋਈ

ਦਸ ਬੀਸ ਤੀਸ ਊਠ ਲੂਟ ਕੇ ਲਯਾਤੇ ਭਯੋ । ਦਿਨ ਚੜੇ ਤੁਰਕੋਂ ਕੋ ਮਾਰ ਕਰ ਕੇ ਸਿੰਘ ਅਪਨੇ ਡੇਰੇ ਮੇਂ ਆਵਤੇ ਭਏ । ਔ ਜੌਨਸੇ ਤੁਰਕੋਂ ਕੋ ਬਡੇ ਔਲਯਾਉ ਗੋਦਤਯੇ ਤੁਰਕਯੋਂ ਸੋ ਚਾਰਕ ਹਜ਼ਾਰ ਤੁਰਕ ਸਾਥ ਲੇ ਕੇ ਸੈਦੂ ਗ੍ਰਾਮ ਮੇਂ ਆਕੀ ਸਿੰਘੋ ਸੇ ਹੋ ਕੇ ਬੈਠ ਜਾਤੇ ਭਯੋ । ਜੇ ਉਸਕੋ ਐਸੀ ਖਬਰ ਹੋਵੇ ਜੋ ਸਿਘ ਸਾਰੇ ਹੀ ਤੁਰਕੋਂ ਕੇ ਫੌਜ ਕੇ ਪੀਛੇ ਪੀਛੇ ਲਾਗੇ ਗਏ ਹੈਂ ਤਬ ਉਨਕੇ ਪੀਛੇ ਸਿੰਘੋਂ ਕੇ ਡੇਰੇ ਕੋ ਲੂਟ ਕੂਟ ਲੇਤੇ ਪਰੰਤੂ ਤਿਸ ਕੋ ਇਸ ਬਾਤ ਕੀ ਖਬਰ ਹੀ ਨਾ ਪਰੀ ਆਪਣੇ ਜੀਆ ਭਯਾਨੇ ਸੈਦੂ ਗ੍ਰਾਮ ਮੇਂ ਲੁਕ ਕੇ ਬੈਠੇ ਰਹਯੋ । ਇਸ ਔਰ ਗਿੱਦਲ ਗਲੀ ਮੇਂ ਪੈਂਤੀਸ ਹਜ਼ਾਰ ਜੋ ਰਾੜੇ ਕੋ ਰੋਕੀ ਬੈਠੇ ਥੇ ਸੋ ਭੀ ਸ੍ਰੀ ਗੁਰੂ ਕੀ ਕ੍ਰਿਪਾ ਸੇ ਭੈਭੀਤ ਹੋ ਕਰ ਭਾਗ ਗਏ ਉਧਰ ਸਰਦਾਰ ਰਣਜੀਤ ਸਿੰਘ ਨੇ ਸੁਨਯਾ ਕੇ ਸਾਰੇ ਤੁਰਕ ਭਾਗ ਗਏ ਹੋ ਔ ਸਿੰਘੋਂ ਨੇ ਜੀਤ ਪਾਈ ਹੈ ਬਡੀ ਭਾਰੀ । ਉਸ ਵਕਤ ਸਰਦਾਰ ਨੇ ਪਾਂਚ ਸੈ ਰੁਪਯਾ ਰੋਕ ਤੇ ਪਾਂਚ ਸੇ ਦਾ ਕੜਾਹ ਪ੍ਰਸਾਦਿ ਸੁਖ ਕੇ ਗੁਰੂ ਦੁਰਿਆਉ ਕਾ ਔ ਕਿਤਨੇਕ ਥਾਲ ਪਤਾਸਯਾ ਕੇ ਸਣੇ ਰੁਪੇ ਗੁਰਦੁਆਰਿਉਂ ਕੀ ਭੇਟ ਕਰ ਕੇ ਪ੍ਰਥਮ ਬਜ਼ਾਰਾਂ ਵਾਲੇ ਪਤਨ ਸਿੰਧੂ ਗੰਗਾ ਕੇ ਬੀਚ ਅਪਨਾ ਘੋੜਾ ਮਧਾਯ ਮੇਂ ਖੜਾ ਕਰਕੇ ਹੁਕਮੁ ਦਿਆ ਕੇ ਇਸੀ ਵਕਤ ਹਮਾਰੀ ਸਭ ਸੈਨਾ ਗੰਗਾ ਸੇ ਪਾਰ ਹੋ ਜਾਵੇ ।

ਬਸ ਕਹੂੰ ਗੋਡੇ ਕਹੂ ਗਿਟੇ ਪ੍ਰਯੰਤ ਜਲ ਸਭ ਕੇ ਆਵਤੇ ਭਯੋ । ਊਠ, ਘੋੜਾ, ਹਾਥੀ, ਭੇਡੋਂ ਪ੍ਰਯੰਤ ਸਰਬ ਸਰਦਾਰ ਕੀ ਸੈਨਾ ਜੇਸੇ ਹੋ ਗਈ ਤਬ ਸਰਦਾਰ ਨੇ ਸਭ ਸੇ ਪੀਛੇ ਅਪਨਾ ਘੋੜਾ ਪਾਰ ਕੀਯੋ ਪਚਾਸ ਹਜ਼ਾਰ ਫੌਜ ਊਠ ਭੇਡ ਪਾਰ ਉਤਾਰ ਕੇ । ਇਸੀ ਤੋਰ ਸੇ ਦੂਸਰੋਂ ਭੀ ਦਰਿਆਉਂ ਲੰਘ ਕੇ ਸਦੂ ਮੇਂ ਆਵਤ ਭਯੋ ਜਹਾਂਗੀਰ ਸਰਦਾਰ ਸਰਕਾਰ ਕੋ ਆਗੇ ਲੇਨੇ ਗਏ ਆਪਸ ਮੇਂ ਮਿਲ ਕਰ ਬੜੇ ਪ੍ਰਸਿਨ ਹੋਤੇ ਭਏ । ਸਭਾ ਲਗਾਇਕੇ ਸਭਨਾ ਸਰਦਾਰਾਂ ਕੋ ਰਾਜਾ ਧਿਰਾਜ ਰਣਜੀਤ ਸਿੰਘ ਬਡੇ ਬਡੇ ਇਨਾਮ ਦੇਤੇ ਭਯੋ ਬਡੀਆਂ ਜੈਗੀਰਾਂ ਸਰਦਾਰੋਂ ਕੋ ਬਖਸ਼ਤੇ ਭਯੋ ਔ ਤਰਵਾਰੋਂ ਕੀ ਮੁਠੋਂ ਮੇਂ ਸੂਜਦੇ ਫਸੇ ਹੂਏ ਸਿੰਘ ਕੇ ਹਾਥੋਂ ਕੂ ਪਕੜ ਪਕੜ ਕੇ ਚੂਮਤੇ ਭਯੋ ਔ ਕਹਤੇ ਭਯੋ ਧਨ ਹੋ ਤੁਮ ਤੁਮ ਜਿਨੋਂਨੇ ਅਪਨੇ ਪ੍ਰਾਣ ਹੋਮਕੇ ਹਿੰਦ ਧਰਮ ਦੀ ਲਾਜ ਰਖ ਦਿਖਾਈ ਹੈ ਬਡੀ ਫਤੇ ਤੁਮਨੇ ਪਾਈ ਹੋ ਸਦਰਹਮਤ ਹੋ ਤੁਮਾਰੇ ਮਾਤਾ ਪਿਤਾ ਕੋ ਸਦਾ ਸਦਾ ਸਦਰਹਮਤ ਹੋ ਤੁਮਾਰੇ ਕੋ ਧਨਯ ਹੋ ਤੁਮ । ਐਸੇ ਸਰਦਾਰ ਮੁਖ ਸੇ ਅਪਨੇ ਧਨਯ ਬਦਕੇ ਬਚਨ ਸੁਨ ਕੇ ਸਾਰੇ ਸਰਦਾਰੋਂ ਨੇ ਹਾਥ ਜੋੜ ਕੇ ਕਹਯੋ ਹਮ ਕਾ ਕਯਾ ਧਨਯ ਹੋ ਧਨਯ ਗੁਰੂ ਸਾਹਿਬ ਸਿੰਘ ਜੀ ਹੈ ਸਬਜ਼ ਘੋੜੇ ਪਰ ਚਢੇ ਹੂਏ ਸਬਜ਼ ਪੁਸ਼ਾਕ ਵਾਲੇ ਜੋ ਤੁਰਕੋਂ ਕੋ ਮਾਰਤੇ ਫਿਰਤੇ ਹੋ ਔ ਜਸ ਹਮ ਕੋ ਦਿਉ ਹੋ ਭਲੇ ਕਯੋ ਤੋ ਬਟੋ ਮੇਂ ਝੁੰਜੇ ਮੇਂ ਖਡੋਂ ਮੇਂ ਪਹਾੜੋਂ ਕੇ ਉਪਰ ਦਰਿਆਉਂ ਮੇਂ ਨਦੀ ਨਾਲਯੋਂ ਮੇਂ ਕਹਾਂ ਤੁਰਕੇਂ ਕੋ ਮਾਰਨੇ ਗਏ ਹੋ ਕਹਾਂ ਚਾਰ ਲਾਖ ਤੁਰਕ ਕਹਾਂ ਅ ਦਸ ਹਜ਼ਾਰ ਉਨ ਕੇ ਆਗੇ ਆਏ ਮੇਂ ਧਵਨ ਸਮ ਭੀ ਨਹੀਂ ਥੇ ਸਭ ਗੁਰੂ ਸਾਹਿਬ ਸਿੰਘ ਕੀ ਮਾਯਾ ਹੈ ਜੇਸੇ ਸ੍ਰੀ ਕ੍ਰਿਸ਼ਨ ਜੀ ਸੇ ਮਹਾਂ ਭਾਰਯ ਕੇ ਯੁਧ ਮੇਂ ਅਰਜਨ ਨੇ ਕਹਯੋ ਹੈ ।

ਹੇ ਭਗਵਣ ਦੇਖਯੋ ਤ੍ਰਿਸੂਲ ਹਾਥ ਮੇਂ ਲੀਏ ਹੂਏ ਹੋ ਅਗਨੀ ਕੇ ਸਮਾਨ ਵਰਣ ਬਰੋ ਬਡੋ ਤੇਜਸਵੀ ਸਿਰ ਪਰ ਅਗਨੀ ਮੇਂ ਸੁਵਰਣਵਤ ਜਟਾਂ ਕੋ ਜੂਟ ਧਾਰਣ ਕੀਏ ਹੂਏ ਮੇਰੇ ਹਥ ਕੇ ਆਗੇ ਆਗੇ ਸ਼ਤਰੂਆ ਕੋ ਮਾਰਤੇ ਫਿਰਤੇ ਹੋ ਔ ਨਾਮ ਮੇਰੇ ਕੋ ਕਰਤ ਹੈ । ਹੋਸੇ ਹੀ ਤੁਰਕੋਂ ਕੀ ਸੈਨਾ ਕੋ ਮਾਰ ਕੇ ਜਸ ਹਮ ਕੋ ਦਿਆ ਹੈ । ਐਸੇ ਸਿੰਘੋਂ ਕੇ ਵਚਨ ਸੁਨ ਕਰ ਰਣਜੀਤ ਸਿੰਘ ਊਨੇ ਸਾਹਿਬ ਕੀ ਓਰ ਮੁਖ ਕਰ ਕੇ ਧਨਯ ਸ੍ਰੀ ਗੁਰੂ ਸਾਹਿਬ ਸਿੰਘ ਹੋ ਐਸ ਕਰਕੇ ਦੋਨੋਂ ਹੱਥ ਜੋੜ ਕੇ ਮੱਥਾ ਟੇਕਤੇ ਭਯੋ । ਉਧਰ ਸ੍ਰੀ ਸਾਹਿਬ ਸਿੰਘ ਜੀ ਅਪਨੇ ਸਰੀਰ ਮੇਂ ਪ੍ਰਵੇਸ਼ ਕਰ ਕੇ ਇਸ਼ਨਾਨ ਦਾਨ ਆਦਿਕ ਕਰਮ ਚੋਥੇ ਦਿਨ ਬਾਦ ਪੂਨਾ ਕਰਤੇ ਭਏ । ਏਹ ਬਾਤ ਕਿਸੀ ਕਿਸੀ ਪ੍ਰੇਮੀ ਨੇ ਜਾਨੀ ਹੈ ਕਿਸੀ ਨੇ ਨਹੀਂ ਜਾਨੀ ।

# Guru Nanak's Impact on History

GANDA SINGH

Over six millions Sikhs playing a conspicious role in the social and political life, not only of India, their homeland, but also of all the countries in the east and west wherever they have domiciled as permanent immigrants or as temporary residents, are a living practical example of the impact of the life and teachings of Guru Nanak on history. Like the Guru himself they are a practical people, always up and doing, bubbling with energy ready to be yoked to solve the problem of life. They are never afraid to put their hand to any type of work that comes their way and they would strive every never to make it success. And it is by sheer dint of hard work that they have won a place for themselves in their occupations and professions. The world knows them as one of its bravest of soldiers, both of peace and war, With his hand at the handle of the plough or at the steer of the tractor, the Sikh is the hardiest peasant who becomes one with the land for raising his crops. But he is at his best in the field of battle when he is called upon to fight in defence of his motherland or for the protection of the weak and helpless, at home or abroad. Guru Nanak's belief in the Unity of God and selfless service of mankind has given to the Sikhs their character of unswerving faith in God and Guru, and in patriotism and sacrifice with which they not only feed the Panjab from under the yoke of the oppressors and usurpers in the eighteenth century but also carved for it, under Maharaja Ranjit Singh, in the first half of the 19th century, a place of strength and honour on the international map and made a gift of it to India to stand as a sentinel on its north-western frontier to defend it against all future invasions from that quarter.

The teachings of Guru Nanak related most of the spiritual uplift of mankind and social goodwill and understanding among people of different creeds and classes based on the common fatherhood of God and brotherhood of man. According to him, there is but One God who is All-Truth, Immortal, Unborn and self-existing Creator, Fearless and Without hate. He is neither the Allah of the Muhammad and nor Rama or Krishna of the Hindus, but God of the universe, of all mankind and of all religions. For the promotion and advancement of human goodwill and happy relations, Guru Nanak refused to recognize the man-made distinctions of castes and classes, of high and low and of rich and poor. And he

condemned, with all the force at his command, the agression of one over the other, of the rulers over their subjects, both in the field of politics and of religion. He stood for the freedom of conscience and expression. He was the strongest advocate of the cause of women. He would attach no impurity to them because of their sex, nor would be hold them in compulsory subjection to men. He gave them the fullest responsibility in all matters, spiritual and social, and regarded them in every way equal in the sight of God.

But Guru Nanak was not a visionary idealist or a speculative theorist. He preached no complicated philosophy couched in unintelligible language of the other-worldly people. He was a practical man—one with the men of this world. He spoke to the people in the language of the people and explained his ideas to them with examples drawn from the everyday common life. Guru Nanak's laboratories both for the demonstration and practice of his teachings, were the institutions of Sangat, or congregations, and Pangat or sitting of all people together in rows for community dining. Both at home and outside, wherever he went, he established Sangats or congregations of his followers and admirers. Therein they met daily, generally in the evenings, to hear the Guru's teaching and sing his hymns, and to pray to God, and to discuss and solve their common problems. The forums of the Sangats were known as dharamsalas. These later on developed into Sikh missionary centres where Guru's work of reformations and transformation was continued by subsequent Gurus and their leading representatives, popularly known as Masands. It was in these Sangats and dharamsalas that Guru's Sikhs learnt practical lessons in Sikhism, freed themselves from the worship of Gods and Goddesses, and idols and images, and recited the hymns of the master and his successors as the only way of the worship of the One Supreme formless God. It was here that the Sikhs, as the followers of the Gurus were known shook off their old prejudices and rubbed off their angularities. Here they came closer to one another as brothers-in-faith and understood their real relationship as sons of the one common Creator. The popularised among them the use of the world of Bhai or brother, by which Guru Nanak addressed his companions and disciples like Bhai Mardana, of Muslim origin, and Bhai Bala, Bhai Buddha, Bhai Lehna (his successor) coming from amongst the Hindus. The Sikhs ignored the monopoly of the Brahmans in matters religious and social as they did not subscribe to the Brahmanical faith. Maubid Zulfiqar Ardistani (Azur Sasani), the Parsi author of the Dabistan-i-Mazahib, who had seen Sikhism in practice at Kiratpur under the direct guidance of Guru Hargobind and Guru Har Rai in the forties of the seventeenth century, tells us :

There is no restriction among them that a Brahman may not become the disclple of a Khatri, for Nanak was a Khatri, and no Guru among them was from the Brahmans as has been described. Similarly they placed Khatris unde r the authority of the Jats who belong to the low caste of the Vaishyas, as the big Masands of the Guru are mostly Jats. The Brahmans and Khatris become pupils and disciples of the Guru through the medium of Masands and are accepted into the pupilage and discipline of the Guru (p, 233).

No t only this. Some of the popular saints whose hymns the fifth Guru incorporated in the Sikh holy book, the Guru Granth Sahib, were not only Muslim by birth but also came from the lowest of the low Hindus and Muslim classes. For example there are Sadhna, a Muslim butcher, Kabir, a weaver, Ravidas, an untouchable cobbler, add Sain, a low caste barber, in addition to Muslim Mirasi reback players.

Thus, with the Fatherhood of God preached by Guru Nanak, was the real brotherhood of man recognized and established in practice by the religion of the Sikhs. The tenth and the last Guru Gobind Singh in his time went a step further. On the introduction of the baptismal ceremony for the order of the Khalsa, he made the initiatees drink the baptismal water, the Amrita, one after another, from one and the same vessel in a double round—the first man becoming the last to drink it in the second round. This practice abolishes for the Sikhs the distinctions of high and low for all time to come and places them on a plain of absolute equality. And we have practical examples of this levelling in the subsequent history of the Sikhs. Within two years of the death of Guru Gobind Singh when the Khalsa under the leadership of Banda Singh freed the eastern Panjab from under the galling yoke of the Mughals and established therein the rule of the sons of the soil, no distribution of other offices. William Irvine tells us in his Later Mughals :

In all the parganes occupied by the Sikhs, the reversal of previous customs was striking and complete. A low scavanger or leather-dresser, the lowest of the low in Indian estimation, had only to leave home and join the Guru, when in a short space of time he would return to his birth-place as its ruler, with his order of appointment in his hand. As soon as he set foot within the boundaries, the well-born and wealthy went out to greet him and escort him home [Vol. I, 98-99].

This was a thing unimaginable in traditional Hinduism and had a revolutionary effect upon the history of northern India. It created among the Sikhs

a much stronger bond of unity and made a new people of them with a separate nationality which, within half a century of untold sacrifices at the alter of national freedom, developed into a group of republican states, growing ultimately into a full fledged sovereign state of the Panjab. The ruler of this Panjab, Maharaja Ranjit Singh, was a Sikh, no doubt, but the kingdom was not a theocratic Sikh state. It was a state of the people of the Panjab, whatever their religion. Its capital was at Lahore and not Amritsar, the religious headquarters of the Sikhs, and its administration, both civil and military, was shared by Hindu, Muslims and Sikhs alike, nay, a number of European and American Christian were as well employed in high offices. The Prime Minister of the then Punjab was a Hindu. The minister for foreign affairs, which included political transactions with the neighbouring Muslim states, hostile at times, was a Muslim. The army was commanded by officers drawn from all classes, the artillery being manned predominently by Muslims.

On the religious side, there is no priestly class among the Sikhs. Anyone, man or woman, competent to recite and explain the hymns of the Guru Granth Sahib, may conduct the religious services in the Sikh temples and lead the congregations in prayer. Men of all castes and creeds have free access to the Gurdwaras or dharmsalas, as the Sikh temples are called, and they can, without any let or ainderance, join the congregations there and partake of the scared prasad and of the meals served in the community kitchen or Guru ka langar.

In the matter of eating, the Sikhs have greatly contributed to the freedom of the people and have removed all old toboos. The Dabistan tells us the story of a Hindu boy, who, for freedom of eating the food of his choice, wished to become a Muslim. One Partap Mall Gyani told him : "Why do you become a Muhammadan ? If you have an inclination to eat everything, you may become a Sikh of the Guru and eat whatever you like" [p. 239].

The teaching of Guru Nanak were not iddividualistic in their outlook and attitude of life. They had a socialistic embrace with the result and not only the priest-oppressed Hindu, particularly of the third and fourth castes, the exploited Vaishya peasants and the suppressed Sudras, were drawn to his new faith but a number of Muslims were as well attracted by the teachings, and ways and manners of the successors and followers of Guru Nanak. This become a cause of complaints to the Mughal Emperors, Akbar and Jahangir, by the closed minded Brahmans and fanatical Muslim mullas against the fifth Guru Arjun. The liberal-minded Akbar found no fault with the Guru and his compliation of the Sikh scripture. On the other hand, he appreciated his efforts for the spirtual and social well-being

of the people and favourably considered his suggestion for reduction in the increased taxes that had become oppressive for the ryots [Akbar-nama, vol. iii. 514-15; Sujan Rai Bhandari, Khulasat-u-Tawarikh, 425].

Emperor Jahangir, however, for political expediency, succumbed to the pressure of the Muslim revivalists, evidently of the Naqshbandi Shaikhs, and ordered the arrest and execution of Guru Arjun. The Emperor himself records it in his memoirs, the Tuzuk-i-Jahangiri, p. 35, saying :

> There lived at Goindwal on the bank of the river Beas a Hindu named Arjun in the ga rb of a pir and Shaikh, so much so that he had by his ways and manners captivated the hearts of many simple minded Hindus, nay, even of foolish and stupid Muslims....who called him Guru. From all directions fools and fool-worshippers were attracted towards him and expressed full faith in him. For three or four generations they had this shop warm. For years the thought had been presenting itself to me that either I should put an end to this false traffic or he should be brought into the fold of Islam. When this news (of the Guru having shown special favour to Prince Khusrau) reached the ears of our Majesty, and I fully knew his heresies, I ordered him to be brought into my presence and, having made over his houses, dwelling places and children to Murtaza Khan (Shaikh Farid Bukhari) and having confiscated his property, I ordered that he should be put to death with tortures.

Very significant indeed, in this context, is a letter of Shaikh Ahmad Sirhindi Mujaddid-i-Alif-i-Sani to Shaikh Farid Bukhari, entitled Murtaza Khan, the governor of Lahore, referred to above. The Mujaddid writes :

> The execution at this time of the accursed Kafir of Goindwal......with whatever motive...is an act of highest grace for followers of Islam [Maktubat-i-Iman Rabbani, Vol. I, Part iii, letter No. 193].

The execution of Guru Arjun for his religious activities was an act of high-handed tyranny aimed at the supression of the Sikh movement and was a repetition of the oppressive policy of the fifteenth and early sixteenth century Sultans of India which the great Guru Nanak had fearlessly criticised and condemned in the strongest terms saying :

> The kings are butchers, and cruelty their knife. Sense of duty and responsibility has taken wings and fled [Majh Var 1, 16-1] Again.

> Kings are like leopards and their revenue collectors (behave like) dogs;

they go and awaken people at all odd times; their servants wound the people with their claws and lick their blood like curs [Malhar Var 1, 22-2].

The Guru felt shocked and outraged at the sack of Saidpur (Eminabad) during the third invasion of Babur in 1521 and burst out shedding tears of blood :

> Babur rushed down from Kabul with the bridal procession of sin and by force demanded the hand of the bride (of India)......People sing the paean of murder and smear themselves with saffron of blood [Tilang I, ghar i, 5-1).

> Guru Nanak was greatly moved to see the pitiable sufferings of Indian women at the hands of Mughal soldiers. "The women who were beautiful tresses......have their locks shorn with scissors and dust is thrown upon their heads......dishonoured and with ropes round their necks, they are carried by soldiers" [Asa I, Asht xi].

"If a powerful person were to attack another powerful person", said the Guru, there shall be no (ground for grievance), but if a ferocious lion were to fall upon a herd of cattle, the master (the protector) of the kerd has to answer for it" [Asa, I, 39-42].

In equally strong language Guru Nanak upbraided the so-called 'masters of the herd', the Lodhi Sultans of India, for not standing up manfully for the defence of their subjects and allowing the precious gem of the country to be easily snatched away by the foreigner. To quote his own words : "The dogs (the Lodhi rulers) have thrown away the invaluable gem; when they are dead and gone, no one will remember them with regard" [Asa I, 39-2]

These sayings and other admonitions of the great Guru had come down as a heritage of Guru Hargobind who succeeded Guru Arjun after the latter's execution under the orders of Emperor Jahangir. Guru Hargobind then felt that a stage had come in the development of the Sikh people when they should be able to demonstrate their will to resist the evil of tyranny. As human history knows it, the tyrants are generally power-mad autocrats. No philosophies and religious teachings, however sublime and heart touching, appeal to their conscience hardened by repeated acts of oppression. They are dead to all sense of humanity and are a curse to society and country at large. Bowing down to them is cowardice, and is an encouragement to and prolongation of zulm—injustice and cruelty—over the weak and helpless. This is what Guru Nanak had protested against the condemned: Guru Hargobind, therefore, decided to sunctify the use of arms like the operation knife of a surgeon who uses it, as a last resort, to separate and save the healthy

part of the body from a spreading ulcer. To initiate the community into martial ways, he himself were two swords at the Akal Takht at Amritsar as emblems of spiritual and temporal authority—Piri and Miri—the combination of bhakti and shakti, of deg and tegh—the kettle to feed the needy and hungry and the sword to protect the weak and helpless. This was the first step towards the transformation of Sikhism into a militant church and its followers into saint-soldiers and soldier-saints. According to the Dabistan, 'the Guru had seven hundred horses in his stables; and three hundred cavaliers and sixty artillerymen were always in his service'. This was the first corps of Sikh volunteers raised by the Guru at Amritsar for service.

But Guru Hargobind was not a mere soldier. He was primarily a saint, a Guru, sixth in the line of spiritual inheritance from Guru Nanak who had permitted no aggressive designs against any one. Guru Hargobind's martialization, therefore, was purely for self-defence and for the defence of the defenceless. When the great Maratha saint Samarth Ramdas, during the North-Indian rambles, met Guru Hargobind at Srinagar in Garhwal in about 1634 and questioned him on this change, he replied : "Internally a hermit, and externally a prince. Arms mean protection to the weak and destruction to the tyrant. Guru Nanak had not renounced the world, he had renounced maya (the sense of attachment and possesion)". This explained the Guru's meaning of the change. hearing which Ramdas said, "yeh hamare man bhavti hai—this appeals to my mind" [Panjab Sakhian, No. 39].

Although Guru Hargobind and Guru Gobind Singh had to fight as many as eighteen battles, either against local chiefs or against the Mughal government they were all defensive. Never, in any one of them, was the intitative taken by the Guru, nor, as a result of their victories, was an inch of the enemy's territories occupied or towns and treasures plundered or a single captive carried. Nay, when approached, Guru Gobind Singh was ever ready for peace-negotiations. Not only this. When Bahadur Shah, after the death of Emperor Aurangzeb, who had been responsible for the execution of the Guru's father (Guru Tegh Bahadur), approached the Guru, he readily agreed to help him with a detachment of Sikhs in the battle of succession at Jajnu, June 8. 1707, in support of the rightful claim to the throne. This was the real Guru Gobind Singh, true, in word and deed, to the teachings of Guru Nanak.

"He who is imbued with the fear of the Lord becometh fearless, for one becometh like the one, one serveth" was said by Guru Nanak in Rag Gauri. Asht.

vii-4. And in his definition of God he says in the Mul-mantar that the True Creator is fearless and Without Enmity. And truly these two qualities have become and integral part of the Sikh character as has been demonstrated time and again Once convinced of the righteousness of their cause, the Sikhs will, in all fearlessness be prepared to make every sacrifice – even the supreme sacrifice—to uphold it and would smilingly walk into the jaws of death so that the survivors in the community at large might enjoy the fruit of its success.

After the death of Guru Gobind Singh when the Khalsa, under the command of Banda Singh, was engaged in life-and-death struggle against the Mughal empire for the liberation of the Panjab from under its yoke, they never reduced it to a communal strife against the Muslims whose co-religionists the Mughals were. The struggle of the Khalsa was purely a political one against the tyranny of the ruling people and not against the religion of the Mughals, although under the Emperor's orders of December 10, 1710, the Sikhs, on the other hand, were "killed at sight wherever found". In April 1711, within four and a half months of the issue of this royal edict. the Sikh commander, Bnnda Singh, had proclaimed : "I am not opposed to Muslims'' as such. The Mughal news-letter of April 29, 1711, tells us that "for any Muslim who approaches him (Banda Singh), he fixes a daily allowance and wages and looks after him. He has permitted them to read khutba and namaz, with the result that five thousand Muslims have gathered round him. Having entered into his friendship, they are free to shout their call (azan) and recite their prayers in the army of the wretched " (Sikhs) [Akhbarat-i-Darbar-i-Mualla (Jaipur); Ruqat-i-Amin-ud-Daula, No. 3; Dastur-ul-Insha, 6a].

And when Banda Singh and his 794 Sikh companions were brought as captives to Delhi and were being executed at the rate of a hundred a day (March 5-13, 1716), they, with the name of God on their lips—'Wahiguru, Wahiguru goyan'– fearlessly welcomed the executioner's sword and called him mukta, a deliverer. In the words of the British ambassadors, John Surman and Edward Stephenson, who were eyewitness to this ghastly massacre, it is not a little remarkable with what patience they undergo their fate, and to the last it has not been found that one apostatised from this new formed religion" to save his muddy vesture of decay [Letter No. XII, to the President and Governor of Fort William and Council in Bengal, dated Dilly, March 10. 1916].

Now about Banda Singh. On June 9, 1716, when the flesh of his body was being torn with red hot pincers, the Mughal Prime Minister Muhammad Amin Khan questioned him on the fierceness of his struggle against the Empire. "I will

tell you", said Banda Singh, "when-ever men become so corrupt and wicked as to relinquish the path of equity and abandon themselves to all kinds of excesses, the Providence never fails to raise a scourge like me to chastise a race so depraved, but when the measure of punishment is full, then He raises men like you to bring him to ponishment". What fearless composure of mind and a peaceable calmness and stoic self-conrol, brought about by Guru Nanak's teaching ! [Styar-ul-Mutakherin, 404; Raymond, i, 91; Briggs, 79-80]

The institutions of Sangat and Pangat (mixed congregations) and Guru ka Langar (mixed community dining) established by Guru Nanak, as mentioned earlier, had not only the levelling and equalisIng effect upon the Sikhs, but they had also strengthened their cohesion as a separate nationality and democratized their social, religious and political organizations. The organization of the Dal Khalsa and the republican nature of the Sikh Misals during the eighteenth century also had their birth in the Sangats. Sir George Campbell, who had seen this system in actual practice in the cis-Sutlej areas in the eighteen-forties before the annexation of the Panjab, tells us :

> The Sikh system is very much like that out of which the German system sprang. They formed Misals or military confederacies......Each misal elected its own supreme chief and sub-chiefs, and every horseman had its rights and his share in the common conquests. The combined misals formed the 'Khalsa' or Sikh Commonwealth [Memoirs of My Indian Career, i.46].

Speaking of the republic of Mehraj, which he knew intimately he says :

> Mehraj remained an independent republic till, with the rest of the country, it come under British protection.......It was really a very complete, fully equipped republic,......It was diplomatically recognised as a state...There were no chiefs or hereditary rulers; the state was governed by its punches or representative elders. There was nothing of any feudal system, or any division into conquerors and conquered.........Unhappily, as I think, this interesting republic was soon after wiped out, when all the smaller Sikh states were mediatised and reduced to the position of British subjects [Ibid., i. 42-43].

Even when Maharaja Ranjit Singh integrated and consolidated the territories of some of the misals into the kingdom of the Panjab, he said that the kingdom, in reality, belonged to the Guru and that he was only his raptia, a Chaukidar (watchman), And, always remembering the words of Guru Nanak "bhullan andar sabh ko, abhull Gûru Kartar—every one is fallible, the Supreme Creator alone is infallible"—Maharaja Ranjit Siagh never behaved like an infallible

autocrat. We have on record, reproduced in facsimile in The Real Ranjit Singh by Fakir Syed Waheedudin, two of the Maharaja's farmans—and there might be many more which have not come to light as yet—wherein he had authorized Syed Faqir Nurudin and Sardar Amir Singh of Lahore to withhold [and bring to his notice for amendment any order of the Maharaja himself, or of the princes, royal, the Prime Minister or of the chief Sardars, if, in the opinion of the Syed or the Sardar, it was inappropriate. To quote, in English translation, one of them addressed to the Syed [p. 31-32]:

> Sincere Well-wisher, Fakir Nuruddinji, May you be happy ! It is hereby decreed by His Highness with the utmost emphasis that no person in the city should practise high-handedness and oppression on the people. Indeed if even His Highness himself should issue an inappropriate order against any resident of Lahore, it should be clearly brought to the notice of His Highness so that it may be amended. Protector of Bravery, Malwa Singh, should always be advised to dispense justice in accordance with legitimate right and without the slightest oppression and, further more, he should be advised to pass orders in consultations with the Panches and Judges of the city and in accordance with the shastras and Quran, as pertinent to the faith of the parties, for such is our pleasure. And should any person fail to act in accordance with your advice or instructions, you should send him a formal letter so that it may serve as a proof on the strength of which His Highness may punish him for disobedience......
>
> Despatched from the court of His Highness, 31st Bhadon, 1882 Sambat (September 13, 1825 A.D.)

This was, perhaps, the only order of its kind in the history of the world issued by a king authorizing a subordinate officer of the state to withold any order issued by the king himself which in the opinion of that officer appeared to him to be inappropriate and oppressive. The credit for this extreme humility in the interests of the people goes to the follower of Guru Nanak who had enjoined upon the kings to take a vow of dedication to impartial justice. [Sarang Var I, vii-2].

The Sikhs have also proved themselves to be no less formidable in non-violent moral warfare. In 1922, in the Guru ka Bagh stuggle, they took a solemn vow at the holy Akal Takht at Amritsar to offer satyagraha and under all circumstances to remain non-violent in word and deed. On the refusal of their volunteers to disperse under the orders of the police interfering with their religious liberty,

their parties of 100 each were mercilessly beaten day by day and thrown into road-side ditches to be picked by medical relief parties. These non-violent soldiers included among them many a veteran of the Frontier campaigns and of the First Great War. But not one of them raised his little finger against the police or uttered a word of complaint. The reports of eye-witnesses sent to the press from the place of occurrence stirred the conscience of the world. In the words of the Rev. C.F. Andrews, "a new heroism, learnt through suffering, has risen in the land A new lesson in moral warfare has been taught to the world" by the followers of Guru Nanak.

At Jaito on February 21, 1924, the Sikh Satyagrahis literally ran into the jaws of death in the face of machine-gun fire and, ultimately came out successful in their twenty-two week long struggle against the Government

In January 1922, after the success of the Sikhs in their non-violent struggle in the Golden Tample Keys affair, Mahatma Gandhi congratulated Baba Kharak Singh, the then President of the Shiromani Gurdwara Parbandak Committee, saying "First Decisive Battle For India's Freedom Won, Congratulations' [Confidential Papers of the Akali Movement, II].

"As regards non-violene, with its attendant conception of self-sacrifice", wrote Lala Lajpat Rai, "They have given the most amnzing proofs at Nankana Sahib......and later at Ajnala and Amritsar. They proved themselves worthy decendants of their Gurus and the examples they have set of self-sacrifice and courage, devoid of swagger, in the face of provocation, will be hard to beat".

The above is a brief account of how the life of the people came to be transformed under the impact of the teachings of Guru Nanak and his successors. They had, in fact, stirred the inner soui of the people and had freed them from the thraldom of the priestly classes. Freed from the worship of idols and images, they come to their own, and introduced into the country a monotheistic casteless and classless society of manly servants of the people—an order of fearless saint-soldiers, the Khalsa—who, in their turn, made innumerable sacrifices to free their land from its tyrannous rulers and foreign usurpers. And, they ultimately succeeded in creating on the north-west an independent sovereign state of the Punjab and made a gift of it to India to serve as the guardian of its honour and independence.

# ਸੰਤਾਨਕ ਸਮਾਚਾਰ ਗੁਰਗੱਦੀ

## ਦੱਸਵੀਂ ਦਾ ਸਮਾਗਮ :

ਮਨਸੂਰਾਂ ਨਗਰ ਪੱਖੋਵਾਲ ਦੀ ਸੜਕ ਤੇ ਲੁਧਿਆਣੇ ਤੋਂ 8 ਮੀਲ ਤੇ ਹੈ । ਇਸ ਨਗਰ ਵਿਚ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ (ਗਿਆਰਵੀਂ) ਸੰਤਾਨਕ ਜੋਤ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਮਾਲਵੇ, ਦੁਆਬੇ ਤੇ ਮਾਝੇ ਦੀਆਂ ਸੰਗਤਾਂ, ਹਰ ਅਮਾਵਸ ਤੋਂ ਬਾਦ ਦਸਵੀਂ ਨੂੰ ਇਕਾਗਰ ਹੋ ਕੇ ਆਪ ਦੇ ਧਾਰਮਿਕ ਉਪਦੇਸ਼ਾਂ ਨੂੰ ਦੀਵਾਨ ਸਜਾ ਗ੍ਰਹਿਣ ਕਰਦੀਆਂ ਹਨ । ਰਾਗੀ, ਢਾਡੀ, ਪ੍ਰਚਾਰਕ ਹੁਮ-ਹੁਮਾ ਕੇ ਦਰਸ਼ਨ ਬਖਸ਼ਦੇ ਹਨ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਅਨੇਕਾਂ ਅਖੰਡ ਪਾਠ ਕਰਵਾ, ਗੁਰੂ ਦੀਆਂ ਦੇਗਾਂ ਕਰਵਾ. ਗੁਰੂ ਨਾਨਕ ਪਾਤਸ਼ਾਹ ਉਪਰੰਤ ਆਪ ਦੀ ਸੰਤਾਨ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ । ਆਪ ਦੇ ਮਨ ਇਕਾਗਰ ਹੁੰਦੇ ਹਨ । ਹੇਠ ਲਿਖੇ ਸਜਣਾਂ ਨੇ ਅਖੰਡ ਪਾਠ ਕਰਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ।

**1 ਜਨਵਰੀ 1985**

1. ਸਨਦੀਪ ਸਿੰਘ ਜੀ ਕਨੇਡਾ ਵਾਲੇ
2. ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

**31 ਜਨਵਰੀ 1985**

1. ਸ: ਅਵਤਾਰ ਸਿੰਘ ਸਿੱਧੂ ਪਿੰਡ ਜੜਾਹਾਂ ਜ਼ਿਲਾ ਲੁਧਿਆਣਾ
2. ਸ: ਇੰਦਰਵੀਰ ਸਿੰਘ ਜੀ ਚੰਡੀਗੜ੍ਹ
3. ਸ: ਅਰਜਨ ਸਿੰਘ ਫੀਲਡ ਗੰਜ ਲੁਧਿਆਣਾ
4. ਪਲਵਿੰਦਰ ਕੌਰ W/o ਤੇਜਵਿੰਦਰ ਪਾਲ ਸਿੰਘ ਪਿੰਡ ਮੋਦਪੁਰ ਜ਼ਿਲਾ ਲੁਧਿਆਣਾ
5. ਬੀਬੀ ਜਗਰਾਜ ਕੌਰ D/o ਪ੍ਰੀਤਮ ਸਿੰਘ ਕਲਕੱਤੇ ਵਾਲੇ
6. ਸਰਦਾਰ ਹਰਨਾਮ ਸਿੰਘ ਖੁਰਾਣਾ ਰੋਹਤਕ

**2 ਮਾਰਚ 1985**

1. ਸ: ਸੁਰਜੀਤ ਸਿੰਘ ਮਾਲੇਰਕੋਟਲਾ ਜ਼ਿਲਾ ਸੰਗਰੂਰ
2. ਸ: ਸੁਖਦੇਵ ਸਿੰਘ ਪਿੰਡ ਜੈਨਪੁਰ ਜ਼ਿਲਾ ਲੁਧਿਆਣਾ
3. ਬੀਬੀ ਅਜੀਤ ਕੌਰ D/o ਜੋਗਿੰਦਰ ਸਿੰਘ ਸੋਨੀਪਤ

## ਅਮਾਵਸ ਦਾ ਸਮਾਗਮ :

ਹਰ ਅਮਾਵਸ ਨੂੰ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਪਵਿੱਤਰ ਅਸਥਾਨ ਦਖਣੀ ਕੀ ਸਰਾਏ ਤਹਿਸੀਲ ਨਕੋਦਰ ਜ਼ਿਲਾ ਜਲੰਧਰ ਵਿਖੇ ਅਖੰਡ ਪਾਠ ਰਖਵਾ ਦੀਵਾਨ ਸਜਦਾ ਹੈ । ਇਹ ਉਹ ਅਸਥਾਨ ਹੈ, "ਜਿਥੇ ਜੋ ਆਵੇ ਸੋ ਰਾਜ਼ੀ ਜਾਵੇ ।" ਸੱਤ ਅਮਾਵਸ ਇਸ਼ਨਾਨ ਕਰ ਕੇ ਦੁੱਖਾਂ ਕਲੇਸ਼ਾਂ ਵਾਲੇ ਰਾਜ਼ੀ ਹੋ ਜਾਂਦੇ ਹਨ।

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਇਤਿਹਾਸ ਸੁਣ ਗੁਰੂ ਨਾਨਕ ਨਾਮ ਲੇਵਾ ਬਣਦੇ ਹਨ। ਦੁਨੀਆਂ ਨਾਲੋਂ ਟੁੱਟ ਗੁਰੂ ਸਾਹਿਬ ਨੂੰ ਅਪਣਾਉਂਦੇ ਹਨ। ਅਮਾਵਸ ਹੇਠ ਲਿਖੀਆਂ ਤਾਰੀਖਾਂ ਨੂੰ ਧੂਮ-ਧਾਮ ਨਾਲ ਮਨਾਈ ਗਈ।

21 ਜਨਵਰੀ 1985

19 ਫਰਵਰੀ 1985

21 ਮਾਰਚ 1985

ਜਨਵਰੀ, ਫਰਵਰੀ, ਮਾਰਚ ਦੇ ਮਹੀਨਿਆਂ ਵਿਚ ਸਾਡਾ ਦੇਸ਼ ਐਸੇ ਸੰਕਟ ਦੇ ਸਮੇਂ ਵਿਚੋਂ ਲੰਘ ਰਿਹਾ ਹੈ। ਜਿਸ ਕਾਰਨ ਗੁਰੂ ਨਾਨਕ ਪਾਤਸ਼ਾਹ ਦੇ ਸੋਹਣੇ ਦੀਵਾਨ ਪੰਜਾਬ ਦੀ ਧਰਤੀ ਤੋਂ ਬਾਹਰ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਨਹੀਂ ਸਜਾ ਸਕੇ। ਯਤਨ ਕੀਤਾ ਗਿਆ ਇਹ ਸਮਾਂ ਪ੍ਰਮੇਸ਼ਵਰ ਦੀ ਯਾਦ ਵਿਚ ਬਤਾਇਆ ਜਾਏ। ਦਮਦਮਾ ਅਸਥਾਨ ਤੇ ਰਹਿ ਕੇ ਹੀ ਨਿਤਾ ਪ੍ਰਤੀ ਪਾਠ ਪੂਜਾ ਜਾਰੀ ਰਹੀ। ਤਾਂ ਜੋ ਗੁਰਸਿੱਖਾਂ ਤੋਂ ਭਾਵੀ ਦੂਰ ਹੋ ਜਾਵੇ। ਤੇ ਬਾਪੂ ਆਪਣੀ ਰਹਿਮਤ ਕਰੇ। ਤੇ ਮੁੜਕੇ ਫੇਰ ਦੇਸ਼ ਵਿਚ ਸ਼ਾਂਤੀ ਵਰਤ ਜਾਵੇ। ਫੇਰ ਵੀ ਹੇਠ ਲਿਖੇ ਲੋਕਲ ਪ੍ਰੋਗਰਾਮ ਪਾਤਸ਼ਾਹ ਦੀ ਯਾਦ ਵਿਚ ਨਿਭਾਏ ਗਏ। ਤਾਂ ਜੋ ਦੁੱਖੀ ਦਿਲ ਮੁੜ ਕੇ ਪਾਤਸ਼ਾਹ ਨਾਲ ਸੰਬੰਧਤ ਹੋ ਜਾਣ ਔਰ ਸੁੱਖ ਮਾਨਣ।

**11 ਜਨਵਰੀ 1985 :** ਸਰਦਾਰ ਰੇਸ਼ਮ ਸਿੰਘ ਮਨਸੂਰਾਂ ਵਾਲਿਆਂ ਦੇ ਗ੍ਰਿਹ ਵਿਖੇ ਸਪਤਾਹਕ ਪਾਠ ਦੇ ਭੋਗ ਤੇ ਨਗਰ ਨਿਵਾਸੀ ਸੰਗਤਾਂ ਬੇਅੰਤ ਇਕਾਗਰ ਹੋਈਆਂ। ਉਪਰੰਤ ਸੰਗਤਾਂ ਨੂੰ ਗੁਰੂ ਕੇ ਬਚਨ ਸੁਣ ਕੇ ਸੁੱਖ ਤੇ ਸ਼ਾਂਤੀ ਪ੍ਰਾਪਤ ਹੋਈ। ਔਰ ਢਠੇ ਹੋਏ ਹਿਰਦੇ ਚੜ੍ਹਦੀਆਂ ਕਲਾਂ ਵਿਚ ਹੋ ਗਏ।

# ਯੱਗ ਸਮਾਗਮ

## ਭਾਈ ਜਗਤਾ ਜੀ ਨੂਰਪੁਰ ਥੱਲ ਵਾਲੇ, ਗੋਨਿਆਣਾ ਮੰਡੀ, ਜ਼ਿਲਾ ਬਠਿੰਡਾ ਵਿਖੇ

ਮਹੰਤ ਤੀਰਥ ਸਿੰਘ ਜੀ ਇਸ ਪਵਿਤਰ ਅਸਥਾਨ ਦੀ ਸੇਵਾ ਕਰ ਰਹੇ ਹਨ। ਬੜੇ ਸੂਝਵਾਨ ਹਨ। ਅਤੇ ਸੇਵਾ ਪੰਥੀ ਸੰਪਰਦਾਏ ਦੇ ਮੁਖੀ ਹਨ। ਆਪ ਦੇ ਨਾਲ ਗੁਰਸਿੱਖਾਂ ਦਾ ਪਿਆਰ ਇਸੇ ਕਾਰਨ ਹੈ ਜੋ ਮਹਾਨ ਬ੍ਰਹਮ ਗਿਆਨੀ ਭਾਈ ਜਗਤਾ ਜੀ ਦੇ ਨਕਸ਼ੇ ਕਦਮ ਤੇ ਚਲਦੇ ਹੋਏ ਪਿਤਾ ਪੁਰਖੀ ਨੂੰ ਮੁੱਖ ਰਖਦਿਆਂ ਹੋਇਆਂ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਦੇ ਹਨ। ਹਰ ਸਾਲ ਮਾਘੀ ਦਾ ਸਮਾਗਮ ਹੁੰਦਾ ਹੈ। ਸੰਗਤਾਂ ਬੇਅੰਤ ਇਕਾਗਰ ਹੁੰਦੀਆਂ ਹਨ। ਬੜੇ ਸੂਝਵਾਨ ਮਹਾਂ ਪੁਰਸ਼ ਰਾਗੀ, ਢਾਡੀ ਦੀਵਾਨਾਂ ਦੀ ਹਾਜ਼ਰੀ ਭਰਦੇ ਹਨ। ਅਜ ਦੇ ਸਮੇਂ ਦੇ ਵਿਚ ਗੁਰਸਿੱਖਾ ਦੇ ਮਨ ਬੜੇ ਅਸ਼ਾਂਤ ਹਨ, ਬੜੇ ਕਲਪੇ ਹੋਏ ਹਨ, ਭੱਟਕੇ ਹੋਏ ਹਨ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਵਿਚ ਅਜਿਹੇ ਮਨਾਂ ਨੂੰ ਸ਼ਾਂਤ ਕਰਨ ਲਈ ਬੇਥਾਹ ਖਜ਼ਾਨਾ ਭਰਪੂਰ ਹੈ। ਅਜਿਹੇ ਮਹਾਂ ਪੁਰਸ਼ਾਂ ਦੇ ਅਸਥਾਨਾਂ ਤੇ ਪੁਜ ਕੇ ਮਨ ਸ਼ਾਂਤ ਹੋਣਗੇ। ਗੁਰਸਿੱਖ ਸੰਤੋਖ ਵਿਚ ਆ ਜਾਂਦਾ ਹੈ ਔਰ ਆਪਣਾ ਸਮਾਂ ਚੜ੍ਹਦੀਆਂ ਕਲਾਂ ਵਿਚ ਬਿਤਾ ਲੈਂਦਾ ਹੈ। ਸ੍ਰੀ ਹਜ਼ੂਰ 11 ਜਨਵਰੀ ਤੋਂ ਲੈ ਕੇ 14 ਜਨਵਰੀ ਤੱਕ ਸੰਗਤਾਂ ਦੀ ਸੇਵਾ ਵਿਚ ਰਹੇ। ਮਹੰਤ ਤੀਰਥ ਸਿੰਘ ਦੇ ਡੇਰੇ ਵਿਖੇ ਹੀ ਕਿਆਮ ਕੀਤਾ। ਜੋ ਇਸ ਮਹੀਨੇ ਦਾ ਸੰਪਾਦਕੀ ਹੈ ਉਹ ਉਥੇ ਦੇ ਮਹਾਂ ਪੁਰਸ਼ ਉਪਰੰਤ ਦਾਸ ਦੀ ਵਿਚਾਰ ਨਾਲ ਤਿਆਰ ਕੀਤਾ ਗਿਆ।

**18 ਜਨਵਰੀ 1985 ;** ਊਨੇ ਸਾਹਿਬ ਵਿਖੇ ਗੁਰਪੁਰਬ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਊਨੇ ਸਾਹਿਬ ਵਿਖੇ ਚੜ੍ਹਦੀਆਂ ਕਲਾਂ ਵਿਚ ਮਨਾਇਆ ਗਿਆ।

**20 ਜਨਵਰੀ 1985 :** ਸ੍ਰੀ ਹਜ਼ੂਰ ਨੇ ਜਲੰਧਰ ਪੁਜ ਕੇ ਸਰਦਾਰ ਮੱਖਣ ਸਿੰਘ ਦੀ ਬੱਚੀ ਦਾ ਅਨੰਦ ਕਾਰਜ ਪੂਰਨ ਮਰਯਾਦਾ ਨਾਲ ਆਪ ਕਰਾਇਆ ਤੇ ਬਚਿਆਂ ਨੂੰ ਆਸ਼ੀਰਵਾਦ ਦਿਤੀ। ਆਏ ਸੱਜਣਾਂ ਨੂੰ ਗੁਰਬਾਣੀ ਨੂੰ ਅਪਨਾਉਣ ਦੀ ਵਿਚਾਰ ਭੇਟ ਕੀਤੀ ਗਈ।

**24 ਜਨਵਰੀ 1985 :** ਟਾਹਲੀਵਾਲਾ ਜ਼ਿਲਾ ਫਿਰੋਜ਼ਪੁਰ ਵਿਖੇ ਪੁਜ ਕੇ ਗੁਰਸਿੱਖ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਦਰਬਾਰ ਨਾਲ ਸੰਬੰਧਿਤ ਕੀਤਾ ਗਿਆ। ਅੌਰ ਜੋ ਅਸਥਾਨ ਗੁਰਗੱਦੀ ਵਲੋਂ ਤਿਆਰ ਕਰਾਇਆ ਜਾ ਰਿਹਾ ਹੈ। ਉਸਦੀ ਦੇਖ ਭਾਲ ਕੀਤੀ ਗਈ।

**26 ਜਨਵਰੀ 1985 :** ਸਰਦਾਰ ਹਕੀਕਤ ਸਿੰਘ ਦੇ ਗ੍ਰਿਹਿ ਵਿਖੇ ਸਹਿਜ਼ਾਦਾ ਨਗਰ ਵਿਚ ਅਖੰਡ ਪਾਠ ਦੀ ਸਮਾਪਤੀ ਕੀਤੀ। ਜਿਥੇ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ। ਅੌਰ ਨਾਮ ਬਾਣੀ ਦਾ ਪ੍ਰਚਾਰ ਕੀਤਾ।

**27 ਜਨਵਰੀ 1985 :** ਊਨੇ ਸਾਹਿਬ ਪੁੱਜ ਕੇ ਭਾਈ ਮੱਖਣ ਸਿੰਘ ਸੇਵਾਦਾਰ ਦੇ ਸਪੁੱਤਰ ਸ: ਚਰਨਜੀਤ ਸਿੰਘ ਦੇ ਬੱਚਿਆ ਨੂੰ ਅਖੰਡ ਪਾਠ ਦੀ ਸਮਾਪਤੀ ਤੋਂ ਪਿਛੋਂ ਦਸਤਾਰੇ ਸਜਾਏ ਗਏ। ਜੋ ਬੇਅੰਤ ਸੰਗਤਾਂ ਇਕਾਗਰ ਹੋਈਆਂ ਉਨ੍ਹਾਂ ਦੇ ਹਿਰਦੇ ਸ਼ਾਂਤ ਹੋਏ।

**1 ਫਰਵਰੀ 1985 ਰਾਤ :** ਨਗਰ ਛੱਜਾਵਾਲ ਜ਼ਿਲਾ ਲੁਧਿਆਣਾ ਵਿਖੇ ਸਰਦਾਰ ਗੁਰਮੇਲ ਸਿੰਘ ਦੇ ਗ੍ਰਿਹਿ ਵਿਖੇ ਚੜ੍ਹਦੀਆਂ ਕਲਾਂ ਵਿਚ ਦੀਵਾਨ ਹੋਇਆ ਤੇ ਸੰਗਤਾਂ ਦੇ ਅਸਾਂਤ ਹਿਰਦਿਆਂ ਨੂੰ ਸਾਂਤ ਕੀਤਾ ਗਿਆ।

**2 ਫਰਵਰੀ 1985 ਸਵੇਰੇ :** ਸਰਦਾਰ ਗੁਰਮੇਲ ਸਿੰਘ ਦੇ ਗ੍ਰਿਹਿ ਵਿਖੇ ਛੱਜਾਵਾਲ ਅਖੰਡ ਪਾਠ ਦੀ ਸਮਾਪਤੀ ਵਿਚ ਸ਼ਾਮਲ ਹੋਏ। ਅੌਰ ਬੇਅੰਤ ਸੰਗਤਾਂ ਨਗਰ ਨਿਵਾਸੀ ਸਰਦਾਰ ਗੁਰਮੇਲ ਸਿੰਘ ਦੇ ਗ੍ਰਿਹਿ ਵਿਖੇ ਇਕਾਗਰ ਹੋਏ ਗੁਰੂ ਨਾਨਕ ਪਾਤਸ਼ਾਹ ਦੇ ਲੜ ਲਾਇਆ ਗਿਆ। ਇਥੋਂ ਚਲ ਕੇ ਜਲਾਲਾਬਾਦ ਵਿਖੇ ਪੁਜੇ। ਰਾਤ ਦਾ ਦੀਵਾਨ ਮਹੰਤ ਕਰਤਾਰ ਸਿੰਘ ਦੇ ਗ੍ਰਿਹਿ ਵਿਖੇ ਹੋਇਆ।

**3 ਫਰਵਰੀ 1985 :** ਜਲਾਲਾਬਾਦ ਵਿਖੇ ਕਰਤਾਰ ਸਿੰਘ ਦੇ ਗ੍ਰਿਹਿ ਵਿਖੇ ਉਨ੍ਹਾਂ ਦੀ ਬੇਟੀ ਦੀ ਅਨੰਦ ਕਾਰਜ ਦੀ ਰਸਮ ਕਰਵਾਈ ਗਈ। ਵਿਛੜੀਆਂ ਭਟਕਦੀਆਂ ਰੂਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਸੰਬੰਧਿਤ ਕੀਤਾ।

**4 ਫਰਵਰੀ 1985 :** ਅਜੀਤ ਸਿੰਘ—ਭਗਵਾਨ ਸਿੰਘ ਦੇ ਗ੍ਰਿਹਿ ਵਿਖੇ ਫੀਲਡ ਗੰਜ, ਲੁਧਿਆਣਾ ਵਿਖੇ ਰਾਤ ਦਾ ਦੀਵਾਨ ਸਜਿਆ ਤੇ ਸੰਗਤਾਂ ਨੂੰ ਬੇਨਤੀ ਕੀਤੀ ਗਈ ਇਕ ਤੇ ਇਮਾਨ ਲਿਆਉ। ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਹਾਜ਼ਰ ਨਾਜ਼ਰ ਗੁਰੂ ਜਾਣੋਂ। ਅੌਰ ਹਰੀ ਨਾਮ ਸੁਆਸ ਸੁਆਸ ਜਪਦੇ ਰਿਹਾ ਕਰੋ।

**5 ਫਰਵਰੀ 1985 :** ਤਖਤ ਸਿੰਘ—ਭਗਵਾਨ ਸਿੰਘ ਦਿਲੀ ਨਿਵਾਸੀ ਦਿਲੀ ਦੀ ਕਲਪਣਾ ਤੋਂ ਭਟਕੇ ਹੋਏ ਬਾਬਾ ਸਾਹਿਬ ਸਿੰਘ ਦੀ ਸ਼ਰਨ ਵਿਚ ਆਏ। ਛਤੇ ਬਖਸ਼ੇ ਦੀ ਸੰਗਤ ਹੈ। ਇਸ ਦਰਬਾਰ ਨਾਲ ਸਦਾ ਹੀ ਸੰਬੰਧਤ ਰਹਿੰਦੀ ਹੈ। ਇਹੋ ਓਟ ਤੇ ਆਸਰਾ ਲੈ ਕੇ ਮਨਸੂਰਾਂ ਵਿਖੇ ਪੁਜੀ ਤੇ ਲੁਧਿਆਣੇ ਵਿਖੇ ਰੇਡੀਏਟਰ ਤੇ ਟਾਇਰਾਂ ਦੀ ਦੁਕਾਨ ਬਣਾਈ। ਜਿਥੇ ਸ੍ਰੀ ਹਜ਼ੂਰ ਤੇ ਗੁਰੂ ਗਰੰਥ ਸਾਹਿਬ ਦਾ ਸਰੂਪ ਦਮਦਮਾ ਸਾਹਿਬ ਤੋਂ ਲਿਜਾ ਕੇ ਪ੍ਰਕਾਸ਼ ਕੀਤਾ ਤੇ ਅਰਦਾਸ ਕੀਤੀ ਜੋ ਗੁਰਸਿੱਖ ਦੀਆਂ ਸਦਾ ਚੜ੍ਹਦੀਆਂ ਕਲਾਂ ਰਹਿਣ।

**5 ਫਰਵਰੀ 1985 :** ਰਾਤ ਦਾ ਦੀਵਾਨ ਮੋਹਨ ਸਿੰਘ ਦੇ ਗ੍ਰਿਹਿ ਵਿਖੇ ਹੋਇਆ। ਇਨ੍ਹਾਂ ਦੇ ਘਰ 4 ਫਰਵਰੀ ਦਾ ਅਖੰਡ ਪਾਠ ਰਖਿਆ ਹੋਇਆ ਸੀ।

**6 ਫਰਵਰੀ 1985 :** ਸਰਦਾਰ ਮੋਹਨ ਸਿੰਘ ਦੇ ਗ੍ਰਿਹਿ ਵਿਖੇ ਅਖੰਡ ਪਾਠ ਦੀ ਸਮਾਪਤੀ ਹੋਈ। ਬੇਅੰਤ ਸੰਗਤਾਂ ਦੇ ਦਰਸ਼ਨ ਹੋਏ। ਜੋ ਸੰਗਤਾਂ ਪਾਤਸ਼ਾਹ ਨਾਲ ਸੰਬੰਧਤ ਕੀਤੀਆਂ ਗਈਆਂ।

8 ਫਰਵਰੀ 1985 : ਸਵੇਰੇ ਦੇ ਸਮੇਂ ਸਜਨ ਸਿੰਘ ਦੇ ਫੱਦ ਵਿਖੇ ਅਖੰਡ ਪਾਠ ਦੀ ਸਮਾਪਤੀ ਕੀਤੀ ਗਈ।

8 ਫਰਵਰੀ 1985 : ਰਾਤ ਸਮੇਂ ਸਰਦਾਰ ਹਜ਼ੂਰਾ ਸਿੰਘ ਬਲੀਪੁਰ ਵਾਲਿਆਂ ਦੇ ਚੜ੍ਹਦੀਆਂ ਕਲਾਂ ਵਿਚ ਦੀਵਾਨ ਸਜਿਆ। ਬਲੀਪੁਰ ਤੇ ਇਲਾਕਾ ਨਿਵਾਸੀ ਸੰਗਤਾਂ ਬੇਅੰਤ ਦੀਵਾਨ ਵਿਚ ਹਾਜ਼ਰ ਹੋਈਆਂ।

ਹਰ ਦੋ ਸਮੇਂ ਸੰਗਤ ਨੂੰ ਇਹੀ ਬੇਨਤੀ ਕੀਤੀ—

"ਏਕ ਊਪਰ ਜਿਸ ਜਨ ਕੀ ਆਸਾ ਤਿਸ ਕੀ ਕਟੀਐ ਜੰਮ ਕੀ ਫ਼ਾਸਾ ॥"

ਇਕ ਤੇ ਇਮਾਨ ਸੰਗਤਾਂ ਲੈ ਆਉਣ। ਮਨ ਘੜਤ ਸਭਾ ਸੁਸਾਇਟੀਆਂ ਤੋਂ ਕਿਨਾਰਾ ਕਰ ਜਾਣ। ਗੁਰੂ ਨਾਨਕ ਪਾਤਸ਼ਾਹ ਨੂੰ ਹਾਜਰ ਨਾਜਰ ਗੁਰੂ ਕਰਕੇ ਜਾਨਣ। ਕਦੇ ਕੋਈ ਤਰੁਟੀ ਗੁਰਸਿੱਖਾਂ ਤੇ ਨਹੀਂ ਆਵੇਗੀ। ਦੇਗ ਤੇਗ ਫਤਹਿ ਹੋਵੇਗੀ। ਦੁਸ਼ਮਣ ਸਦਾ ਹੀ ਦਬਿਆ ਰਹੇਗਾ।

16 ਫਰਵਰੀ 1985 : ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਦਿਹਾੜਾ ਜੋ ਮਾਰਚ ਮਹੀਨੇ ਵਿਚ ਮਨਾਇਆ ਜਾਂਦਾ ਹੈ। ਊਨੇ ਸਾਹਿਬ ਦੀਆਂ ਸੰਗਤਾਂ ਨਾਲ ਮਦਦ ਕਰਨ ਲਈ ਊਨੇ ਸਾਹਿਬ ਪੁੱਜ ਕੇ ਗੁਰਸਿੱਖਾਂ ਦੀਆਂ ਸਬ ਕਮੇਟੀਆਂ ਕਾਇਮ ਕੀਤੀਆਂ ਗਈਆਂ ਤਾਂ ਜੋ ਆਪਣੇ ਸੈਕਸ਼ਨ ਦੀ ਤਿਆਰੀ ਕਰਨ ਤੇ ਗੁਰਪੁਰਬ ਚੜ੍ਹਦੀਆਂ ਕਲਾਂ ਵਿਚ ਮਨਾਇਆ ਜਾਵੇ। ਸ੍ਰੀ ਹਜ਼ੂਰ ਦੇ ਸਾਹਿਬਜ਼ਾਦੇ ਟਿਕਾ ਸਰਬਜੋਤ ਸਿੰਘ ਜੀ ਨੇ ਇਨ੍ਹਾਂ ਸਬ ਕਮੇਟੀਆਂ ਨੂੰ ਪ੍ਰਧਾਨਗੀ ਦੀ ਪ੍ਰਵਾਨਗੀ ਬਖਸ਼ੀ ਔਰ ਫੁਰਮਾਇਆ ਜੋ ਪਿਤਾ ਪੁਰਖੀ ਨੂੰ ਮੱਖ ਰਖਦਿਆਂ ਹੋਇਆਂ ਇਸ ਕਾਰਜ ਨੂੰ ਚੜ੍ਹਦੀਆਂ ਕਲਾਂ ਨਾਲ ਮਨਾਇਆ ਜਾਵੇਗਾ। ਪ੍ਰਸੰਨਤਾ ਨਾਲ ਸ੍ਰੀ ਹਜ਼ੂਰ ਜੀ ਵਾਪਸ ਮਨਸੂਰਾਂ ਪੁਜੇ।

19 ਫਰਵਰੀ 1985 : ਨਗਰ ਮੌਲਾ ਤਹਿਸੀਲ ਗੜ੍ਹ ਸ਼ੰਕਰ ਵਿਖੇ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਦੇ ਡੇਰੇ ਪੁੱਜ ਕੇ ਅਮਾਵਸ ਦੇ ਦਿਹਾੜੇ ਚੜ੍ਹਦੀਆਂ ਕਲਾਂ ਵਿਚ ਦੀਵਾਨ ਸਜਾਏ ਗਏ। ਰਾਗੀ ਸਿੰਘਾਂ ਨੇ ਕੀਰਤਨ ਕਹਿ ਸੁਣਾਇਆ, ਪ੍ਰੰਤੂ ਸ੍ਰੀ ਹਜ਼ੂਰ ਨੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਨਾਲ ਸੰਬੰਧਤ ਰਹਿਣ ਲਈ ਗੁਰਬਾਣੀ ਦੁਆਰਾ ਉਪਦੇਸ਼ ਕੀਤਾ।

## 22 ਤੋਂ 25 ਫ਼ਰਵਰੀ 1985 ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੀ ਉਸਾਰੀ

ਨਗਰ ਟਾਹਲੀਵਾਲਾ ਤਹਿਸੀਲ ਫਾਜ਼ਿਲਕਾ ਜ਼ਿਲਾ ਫਿਰੋਜ਼ਪੁਰ ਵਿਖੇ ਸ੍ਰੀ ਹਜ਼ੂਰ ਟਿਕਾ ਰਾਮ ਕ੍ਰਿਸ਼ਨ ਸਿੰਘ ਜੀ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਦੀ ਚੌਧਵੀਂ ਸੰਤਾਨਕ ਜੋਤ ਨੇ ਚਰਨ ਪਾ ਕੇ ਇਥੇ ਪਵਿਤਰ ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਕਾਇਮ ਕੀਤਾ। ਨਿਸ਼ਾਨ ਵਜੋਂ ਡੋਗਰ ਸਿੰਘ ਦੀ ਭੂਮੀ ਵਿਚ ਇਹ ਟਾਹਲੀ ਗੱਡੀ ਗਈ। ਜਿਸ ਭੂਮੀ ਦੇ ਵਿਚ ਵਰਤਮਾਨ ਗੱਦੀ ਨਸ਼ੀਨ ਸ੍ਰੀ ਹਜ਼ੂਰ ਨੇ ਇਮਾਰਤ ਕਾਇਮ ਕਰਕੇ ਗੁਰਗੱਦੀ ਦੇ ਸੇਵਾਦਾਰ ਮਹੰਤ ਕਰਤਾਰ ਸਿੰਘ ਪਾਸੋਂ ਹਜ਼ਾਰਾਂ ਰੁਪਈਏ ਖਰਚ ਕੇ ਅਸਥਾਨ ਕਾਇਮ ਕਰਵਾਇਆ। 22 ਫਰਵਰੀ ਨੂੰ ਅਖੰਡ ਪਾਠ ਰਖਿਆ ਗਿਆ, 24 ਫਰਵਰੀ ਨੂੰ ਭੋਗ ਪਿਆ। ਤਿੰਨ ਦਿਨ ਚੜ੍ਹਦੀਆਂ ਕਲਾਂ ਵਿਚ ਦੀਵਾਨ ਸਜੇ। ਖਾਸ ਕਰ ਕੇ ਰਾ ਸਿੱਖ ਬਰਾਦਰੀ ਬੇਅੰਤ ਇਕੱਠੇ ਹੋਏ। ਇਨ੍ਹਾਂ ਗੁਰਸਿੱਖਾਂ ਨੂੰ ਜੋ ਮੁਗਲਾਂ ਦੇ ਰਾਜ ਤੋਂ ਵਸਦੇ ਚਲੇ ਆਏ ਹਨ। ਔਰ ਇਨ੍ਹਾਂ ਦੀ ਗਰੀਬੀ ਤੇ ਆਜਜੀ ਨੂੰ ਮੁਖ ਰਖਦਿਆਂ ਹੋਇਆਂ ਅਨੇਕਾਂ ਹੀ ਮਨਮਤੀਏ ਆਪਣੇ ਝੂਠ ਦੇ ਅਡੰਬਰ ਰਚਾਈ ਬੈਠੇ ਹਨ। ਇਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਨਾ ਅਤੀ ਜ਼ਰੂਰੀ ਸੀ। ਜੋ ਸ੍ਰੀ ਹਜ਼ੂਰ ਨੇ ਇਸ ਪਿਤਾ ਪੁਰਖੀ ਡਿਊਟੀ ਨੂੰ ਨਿਭਾ ਕੇ ਇਨ੍ਹਾਂ ਦੀ ਬਿਰਤੀ ਗੁਰੂ ਨਾਨਕ ਪਾਤਸ਼ਾਹ ਨਾਲ ਸੰਬੰਧਤ ਕੀਤੀ ਗਈ।

ਲੰਗਰ ਗੁਰੂ ਦਾ ਅਤੁੱਟ ਵਰਤਿਆ। ਇਸ ਪਵਿੱਤਰ ਅਸਥਾਨ ਦਾ ਇਸ ਨਗਰ ਵਿਚ ਕਾਇਮ ਹੋਣ ਦਾ ਇਸ ਨਗਰ ਦੀ ਸਿੱਖ ਬਰਾਦਰੀ ਨੂੰ ਅਤੀ ਚਾਉ ਸੀ। ਮਹੰਤ ਕਰਤਾਰ ਸਿੰਘ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਲਗਾ ਕੇ ਗੁਰੂ ਘਰ ਦੀ ਕਾਇਮੀ ਵਿਚ ਸਹਿਯੋਗ ਬਖਸ਼ਿਆ।

26, 27, 28 ਫਰਵਰੀ 1985 : ਨੂੰ ਦਿੱਲੀ ਪੁੱਜ ਕੇ ਦੀਵਾਨ ਸਜਾਏ ਗਏ। ਔਰ ਸੰਗਤਾਂ ਨੂੰ ਹੁਮ ਹੁਮਾ ਕੇ ਉਨੇ ਸਾਹਿਬ ਪੁੱਜਣ ਦੀ ਬੇਨਤੀ ਕੀਤੀ ਗਈ ਤਾਂ ਜੋ ਸਾਲਾਨਾ ਸਮਾਗਮ ਸ੍ਰੀ-ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਚੜ੍ਹਦੀਆਂ ਕਲਾਂ ਵਿਚ ਮਨਾਇਆ ਜਾਵੇ।

4 ਮਾਰਚ 1985 : ਗੁਰਮੁਖ ਗੁਰੂ ਦੇ ਸਿੱਖ ਗੁਰੂ ਦੇ ਨਾਲ ਜੋ ਸ: ਗੁਰਬਖਸ਼ ਸਿੰਘ ਰਤਨਾਂ ਨਗਰ ਵਿਖੇ ਵਿਸਰਾਮ ਕਰਦੇ ਹਨ। ਗੁਰੂ ਘਰ ਦੀ ਸੇਵਾ ਉਪਰੰਤ ਸੰਗਤ ਦੀ ਸੇਵਾ ਲਈ ਤਤਪਰ ਰਹਿੰਦੇ ਹਨ। ਉਨ੍ਹਾਂ ਦੇ ਗ੍ਰਹਿ ਵਿਖੇ ਪੁਜ ਕੇ ਸਰਬੱਤ ਪਰਿਵਾਰ ਦਾ ਮਿਲਾਪ ਹੋਇਆ। ਔਰ ਗੁਰਮਤ ਵਿਚਾਰਾਂ ਹੋਈਆਂ।

5 ਮਾਰਚ 1985 : ਲੁਧਿਆਣਾ ਵਿਖੇ ਸਰਦਾਰ ਅਜੀਤ ਸਿੰਘ ਦੀ ਫੈਕਟਰੀ ਵਿਚ ਪੁੱਜ ਕੇ M/s. H. ਦੀਪ ਟਰੇਡਰਜ਼ ਦੀ ਓਪਨਿੰਗ ਗੁਰਮੱਤ ਦੇ ਆਧਾਰ ਤੇ ਕੀਤੀ ਗਈ ਤਾਂ ਜੋ ਸਤਿਗੁਰ ਸਚੇ ਪਾਤਸ਼ਾਹ ਇਨ੍ਹਾਂ ਦੀ ਕਿਰਤ ਕਮਾਈ ਵਿਚ ਬਰਕਤ ਪਾਉਣ ਔਰ ਇਹ ਪਰਿਵਾਰ ਖੁਸ਼ੀਆਂ ਮਾਨਣ।

7 ਮਾਰਚ 1985 : ਜੋ ਪਰੀਵਾਰ ਬਾਹਰਲੇ ਸੂਬਿਆਂ ਤੋਂ ਦੁੱਖੀ ਹੋ ਕੇ ਆਏ, ਪ੍ਰੰਤੂ ਨਿਕਟਵਰਤੀ ਸ: ਜੋਗਿੰਦਰ ਸਿੰਘ ਜੀ ਜੋ ਪਾਕਿਸਤਾਨ ਵਿਚ ਡਤੇ ਬਖਸ਼ੇ ਦੇ ਰਹਿਣ ਵਾਲੇ ਹਨ। ਕਈਆਂ ਪੁਸ਼ਤਾਂ ਤੋਂ ਗੁਰੂ ਨਾਨਕ ਪਾਤਸ਼ਾਹ ਦੇ ਦਰ ਘਰ ਨਾਲ ਸਬੰਧਤ ਚਲੇ ਆਉਂਦੇ ਹਨ। ਆਪ ਦੀ ਬੱਚੀ ਅਜੀਤ ਕੌਰ ਦਾ ਵਿਵਾਹ ਅਨੰਦ ਕਾਰਜ ਸ: ਉਪਜੀਤ ਸਿੰਘ ਨਾਲ ਜੋ ਇਸ ਦਰ ਘਰ ਦੇ ਨਾਲ ਕਈਆਂ ਪੁਸ਼ਤਾਂ ਤੋਂ ਸੰਬੰਧਤ ਹਨ, ਪੂਰਨ ਸੇਵਾਦਾਰ ਹਨ ਦੇ ਨਾਲ ਸੌਂਪਿਆ ਗਿਆ। ਡੇਰੇ ਵਿਖੇ ਦੋਨਾਂ ਪਰੀਵਾਰਾਂ ਨੇ ਬੜੀਆਂ ਖੁਸ਼ੀਆਂ ਲਈਆਂ।

9 ਮਾਰਚ ਤੋਂ ਲੈ ਕੇ 11 ਮਾਰਚ ਸਵੇਰ ਤਕ : ਦੀਵਾਨ ਨਗਰ ਸੂਜੋਂ ਤਹਿਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਵਿਖੇ ਦੀਵਾਨ ਸਜਾਏ ਗਏ। ਇਤਨੇ ਦਿਨ ਡੇਰਾ ਸਰਦਾਰ ਚੰਨਣ ਸਿੰਘ ਜੀ ਜੋ ਪੁਰਾਤਨ ਗੁਰੂ ਦੇ ਸਿੱਖ ਜੋ ਪੁਰਾਤਨ ਸਮੇਂ ਤੋਂ ਗੁਰੂ ਨਾਨਕ ਪਾਤਸ਼ਾਹ ਨਾਲ ਸੰਬੰਧਤ ਚਲੇ ਆਉਂਦੇ ਹਨ। ਡੇਰਾ ਇਨ੍ਹਾਂ ਦੇ ਘਰ ਹੀ ਰਿਹਾ। ਦੀਵਾਨ ਗੁਰਦੁਆਰੇ ਸਜਾਏ ਗਏ। ਗੁਰਸਿੱਖਾਂ ਨੂੰ ਪਰੇਰਿਆ ਗਿਆ, ਜੋ ਸਿੱਖ ਰਾਜ ਨੂੰ ਥਾਪਣ ਵਾਲਾ ਬਾਬਾ ਸਾਹਿਬ ਸਿੰਘ ਦਾ ਸਾਲਾਨਾ ਸਮਾਗਮ 26, 27, 28 ਮਾਰਚ ਨੂੰ ਊਨੇ ਸਾਹਿਬ ਵਿਖੇ ਮਨਾਇਆ ਜਾਣਾ ਹੈ। ਜੋ ਸੰਗਤਾਂ ਊਨੇ ਸਾਹਿਬ ਪੁਜਣ।

10 ਮਾਰਚ 1985 : ਨਗਰ ਭੌਰਾ ਜੋ ਸੂਜੋਂ ਦੇ ਨਜ਼ਦੀਕ ਹੀ ਹੈ। ਦੁਪਹਿਰ ਦੇ ਦੀਵਾਨ ਸਜੇ।

11 ਮਾਰਚ 1985 : ਸਵੇਰ ਦਾ ਦੀਵਾਨ ਸੂਜੋਂ ਵਿਖੇ ਹੋਇਆ, ਪ੍ਰੰਤੂ ਦੁਪਹਿਰ ਦਾ ਦੀਵਾਨ ਨਗਰ ਕਰਨਾਣਾ ਵਿਖੇ ਸੰਧ ਕੇ ਸ੍ਰੀ ਹਜ਼ੂਰ ਜੀ ਦਾ ਡੇਰਾ ਮਨਸੂਰਾਂ ਵਾਪਸ ਪੁਜਾ।

15 ਮਾਰਚ 1985 : ਰਾਤ ਦਾ ਦੀਵਾਨ ਸਰਦਾਰ ਤੇਰਥ ਸਿੰਘ ਜੀ ਮੁਹੱਲਾ ਸਲੇਮ ਟਾਬਰੀ ਵਿਖੇ ਹੋਇਆ। ਬੇਅੰਤ ਸੰਗਤਾਂ ਇਕਾਗਰ ਹੋਈਆਂ। ਸ੍ਰੀ ਹਜ਼ੂਰ ਨੇ ਗੁਰਮੱਤ ਵਿਚਾਰਾਂ ਦੀ ਵਰਖਾ ਕੀਤੀ।

17 ਮਾਰਚ 1985 : ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਦਮਦਮਾ ਅਸਥਾਨ ਨਗਰ ਜੰਡਾਲੀ ਜ਼ਿਲਾ ਲੁਧਿਆਣੇ ਵਿਖੇ ਕਾਇਮ ਹੈ। ਨਗਰ ਨਿਵਾਸੀ ਬੜੇ ਸ਼ਰਧਾਲੂ ਹਨ। ਗੁਰੂ ਨਾਨਕ ਪਾਤਸ਼ਾਹ ਦੀ ਸੰਗਤ ਨਾਲ

ਗੂੜ੍ਹਾ ਸੰਬੰਧ ਰਖਦੇ ਹਨ। ਨਗਰ ਨੇ ਅਖੰਡ ਪਾਠ ਰਖਵਾ ਕੇ ਬੜੀ ਧੂਮ ਧਾਮ ਨਾਲ ਸਮਾਪਤੀ ਕੀਤੀ। ਜਿਸ ਵਿਚ ਸ੍ਰੀ ਹਜ਼ੂਰ ਨੇ ਸੰਗਤ ਨੂੰ ਬੇਨਤੀ ਕੀਤੀ ਜੋ ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਹਾਜ਼ਰ ਨਾਜ਼ਰ ਗੁਰੂ ਜਾਣਦੇ ਹੋਏ ਲਿਖਤੀ ਰੂਪ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਪਾਤਸ਼ਾਹ ਆਪਣੇ ਗਿਆਨ ਦੀ ਬਖਸ਼ਿਸ਼ ਕਰ ਗਏ ਹਨ। ਇਸ ਗੁਰਬਾਣੀ ਨੂੰ ਪੜ੍ਹਣ ਸੁਨਣ ਤੋਂ ਬਾਦ ਅਮਲ ਵਿਚ ਲਿਆਉਣਾ ਬਹੁਤ ਜ਼ਰੂਰੀ ਹੈ। ਨਾਲ ਸੰਗਤਾਂ ਨੂੰ ਬੇਨਤੀ ਕੀਤੀ ਗਈ ਜੋ ਊਨੇ ਸਾਹਿਬ ਪੁਜ ਕੇ ਗੁਰੂ ਨਾਨਕ ਪਾਤਸ਼ਾਹ ਦੇ ਸੰਤਾਨਕ ਅਸਥਾਨਾਂ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

18 ਮਾਰਚ 1985 : ਨਗਰ ਚੱਕ ਦਾਨਾ ਤਹਿਸੀਲ ਨਵਾਂ ਸ਼ਹਿਰ ਜ਼ਿਲਾ ਜਲੰਧਰ ਵਿਖੇ ਸਰਦਾਰ ਹਰਬੰਸ ਸਿੰਘ ਉਪਰੰਤ ਸਰਦਾਰ ਕਰਤਾਰ ਸਿੰਘ ਬੈਂਡ ਮਾਸਟਰ ਦੇ ਗ੍ਰਹਿ ਵਿਖੇ ਦੀਵਾਨ ਸਜਾਏ ਗਏ, ਗਰਮੱਤ ਵਿਚਾਰਾਂ ਹੋਈਆਂ। ਸੰਗਤਾਂ ਨੂੰ ਬੇਨਤੀ ਕੀਤੀ ਗਈ ਜੋ ਊਨਾ ਸਾਹਿਬ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਦੇ ਜਨਮ ਦਿਨ ਤੇ 211 ਅਖੰਡ ਪਾਠਾਂ ਦੀ ਸਮਾਪਤੀ ਸਮੇਂ ਹਾਜ਼ਰੀ ਭਰੋ ਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# 20 ਮਾਰਚ ਤੋਂ 30 ਮਾਰਚ 1985 - ਮਹਾਨ ਜਨਮ ਦਿਵਸ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਿਖੇ

ਆਪ ਦੇ ਦਾਦਾ ਸ੍ਰੀ ਹਜ਼ੂਰ ਬਾਬਾ ਕਲਾਧਾਰੀ ਜੀ ਮਹਾਰਾਜ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਪਾਤਸ਼ਾਹ ਕੋਲੋਂ ਜਿਨ੍ਹਾਂ ਨਾਲ ਆਪ ਨਿਕਟਵਰਤੀ ਸਬੰਧ ਰਖਦੇ ਸਨ—ਵਰ ਪ੍ਰਾਪਤ ਕੀਤਾ। ਜੋ ਬਾਬਾ ਜੀ ਮੈਂ ਤਾਂ ਸਿਖੀ ਦਾ ਬੀਜ ਬੀਜਿਆ, ਅੰਮ੍ਰਿਤ ਪਾਨ ਕਰਵਾ ਕੇ ਸਿੰਘ ਸਜਾਏ। ਪ੍ਰੰਤੂ ਆਪ ਦੇ ਗ੍ਰਹਿ ਵਿਖੇ ਆਪ ਦਾ ਪੋਤਰਾ ਆਵੇਗਾ ਜੋ ਮੁਗਲਾਂ ਨੂੰ ਪੰਜਾਬ ਦੀ ਮਾਤਰ ਭੂਮੀ ਵਿਚੋਂ ਜੋ ਵਿਦੇਸ਼ੀ ਹਕੂਮਤ ਹੈ ਖੰਡਾ ਖੜਕਾ ਕੱਢ ਦੇਣਗੇ ਤੇ ਸਿੱਖ ਰਾਜ ਦੀ ਸਥਾਪਨਾ ਕਰਨਗੇ। ਉਹ ਪਾਤਸ਼ਾਹ ਜੋ ਗੁਰੂ ਨਾਨਕ ਪਾਤਸ਼ਾਹ ਦੀ ਗਿਆਰ੍ਹਵੀਂ ਸੰਤਾਨ ਸਨ ਤੇ ਮਹਾਰਾਜ ਗੁਰੂ ਗੋਬਿੰਦ ਸਿੰਘ ਦੀਆਂ ਬਖਸ਼ਿਸ਼ਾਂ ਲੈ ਕੇ ਇਸ ਧਰਤੀ ਤੇ ਪ੍ਰਗਟ ਹੋਏ ਸਨ ਜਿਨ੍ਹਾਂ ਨੇ ਸੱਚਮੁਚ ਹੀ ਪੰਜਾਬ ਦੀ ਧਰਤੀ ਤੋਂ ਰਾਜ ਗੁਰੂ ਨਾਨਕ ਪਾਤਸ਼ਾਹ ਤੋਂ ਲਿਆ ਕੇ ਪਾਕ ਔਰ ਪਵਿਤਰ ਕੀਤਾ। 1801 ਵਿਸਾਖੀ ਵਾਲੇ ਦਿਹਾੜੇ ਮਹਾਰਾਜਾ ਰਣਜੀਤ ਸਿੰਘ ਨੂੰ ਤਖਤੋਂ ਤਾਜ ਦਾ ਮਾਲਕ ਬਣਾ ਦਿੱਤਾ। ਜਿਨ੍ਹਾਂ ਦੇ ਬਾਰੇ ਮਹਾਨ ਇਤਿਹਾਸਕਾਰ ਸ; ਖੁਸ਼ਵੰਤ ਸਿੰਘ ਵਰਗੇ ਆਪ ਨੂੰ ਉਸ ਸਮੇਂ ਵਿਚ ਪੰਥ ਅਤੇ ਕੌਮ ਦੇ ਬਾਪੂ ਕਹਿ ਪੁਕਾਰਦੇ ਹਨ। ਬਾਬਾ ਸਾਹਿਬ ਸਿੰਘ ਨੇ ਮੁਗਲਾਂ ਤੋਂ ਨਿਯਾਤ ਦੁਆਈ ਮੁਗਲਾਂ ਤੋਂ ਮਾਤਰ ਭੂਮੀ ਨੂੰ ਆਜਾਦ ਕਰਵਾਇਆ। ਉਸ ਵਕਤ ਦੇਸ਼ ਔਰ ਕੌਮ ਦੇ ਬਾਪੂ ਕਹਿਲਾਇਆ। ਅੱਜ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਕੋਲੋਂ ਮਾਤਰ ਭੂਮੀ ਨੂੰ ਨਿਜਾਤ ਦੁਆਉਣ ਕਾਰਨ ਬਾਪੂ ਕਹਿਲਾਇਆ। ਗੁਰੂ ਅੰਸ਼ ਹੁੰਦਿਆਂ ਹੋਇਆਂ ਉਸ ਸਮੇਂ ਵਿਚ ਵੀ ਦੁਨੀਆਂ ਸਤਿਕਾਰ ਕਰਦੀ ਸੀ। ਅਜ ਤਕ ਪੂਜੇ ਚਲੇ ਆਉਂਦੇ ਹਨ। ਸੰਗਤਾਂ ਦਾ ਗੁਰੂ ਨਾਨਕ ਪਾਤਸ਼ਾਹ ਦੇ ਬਾਰਕਾਂ ਨਾਲ ਅਤੀ ਪਿਆਰ ਤੇ ਸਤਿਕਾਰ ਹੈ। ਇਸੇ ਲਈ ਹਰ ਸਾਲ ਬੜੀ ਧੂਮ ਧਾਮ ਨਾਲ ਸਜ ਧਜ ਨਾਲ ਆਪ ਦਾ ਗੁਰਪੁਰਬ ਸੰਗਤਾਂ ਆਪ ਦੀ ਪਵਿਤਰ ਭੂਮੀ ਊਨਾ ਸਾਹਿਬ (ਹਿਮਾਚਲ) ਵਿਖੇ ਮਨਾਂਦੇ ਹਨ। ਹਰ ਸਾਲ ਸੈਂਕੜੇ ਅਖੰਡ ਪਾਠ ਕੀਤੇ ਜਾਂਦੇ ਹਨ। ਆਪ ਦੇ ਨਾਲ ਸੰਬੰਧਤ ਗੁਰਸਿੱਖ ਆਪਣੇ ਮਨ ਦੀਆਂ ਮੁਰਾਦਾਂ ਲੈ ਆਉਂਦੇ ਹਨ।

ਇਸ ਸਾਲ 22 ਮਾਰਚ ਨੂੰ 211 ਅਖੰਡ ਪਾਠਾਂ ਦੀ ਲੜੀ ਅਰੰਭ ਹੋਈ ਜਿਸ ਦੀ ਸਮਾਪਤੀ 28 ਮਾਰਚ ਨੂੰ ਸਵੇਰੇ 10 ਵਜੇ ਕੀਤੀ ਗਈ। ਔਰ 27 ਮਾਰਚ ਨੂੰ ਬੜੀ ਸਜ ਧਜ ਨਾਲ ਮਹਾਰਾਜ ਗੁਰੂ ਗਰੰਥ ਸਾਹਿਬ ਦੀ ਸਵਾਰੀ

ਲੈ ਕੇ ਮਹਾਰਾਜ ਬਾਬਾ ਸਾਹਿਬ ਸਿੰਘ ਦੇ ਚਿੱਤਰ ਨਾਲ ਲੈ ਕੇ ਜਲੂਸ ਕਢਿਆ। ਜਿਸ ਵਿਚ ਅਨੇਕਾਂ ਨਗਰਾਂ ਦੇ ਗੁਰਸਿੱਖਾਂ ਨੇ ਨਚਦੇ ਗਾਉਂਦੇ ਹੋਏ ਆਪ ਦੇ ਪਵਿਤਰ ਅਸਥਾਨ ਤੇ ਸੰਪੂਰਨ ਕੀਤਾ। ਜਿਥੇ ਹਰ ਦੋ ਵੇਲੇ ਦੀਵਾਨ ਸਜਦੇ ਰਹੇ, ਹਜ਼ਾਰਾਂ ਦੀ ਤਦਾਦ ਵਿਚ ਸੰਗਤਾਂ ਦੀ ਹਾਜਰੀ ਹੋਈ। ਉਚ ਕੋਟੀ ਦੇ ਰਾਗੀ ਭਾਈ ਸਤਿਨਾਮ ਸਿੰਘ ਸੇਠੀ ਦਿਲੀ ਵਾਲੇ, ਭਾਈ ਨੰਦ ਲਾਲ—ਜਸਵੰਤ ਲਾਲ ਰੋਹਤਕ ਵਾਲੇ, ਭਾਈ ਦਇਆ ਸਿੰਘ ਦਿਲਬਰ ਢਾਡੀ ਨਵਾਂ ਸ਼ਹਿਰ ਨਿਵਾਸੀ, ਭਾਈ ਸੁਰਜੀਤ ਸਿੰਘ ਢਾਡੀ ਸਮਰਾਲੀ ਵਾਲਿਆਂ ਨੇ ਗੁਰਇਤਿਹਾਸ ਸੁਣਾ ਕੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਜੋੜਿਆ। 28 ਮਾਰਚ ਰਾਤ ਨੂੰ ਬਾਬਾ ਸਾਹਿਬ ਸਿੰਘ ਦੇ ਦਮਦਮਾ ਅਸਥਾਨ ਤੇ ਸਾਰੀ ਰਾਤ ਦਾ ਜਗਰਾਤਾ ਹੋਇਆ। ਇਨ੍ਹਾਂ ਵਿਅਕਤੀਆਂ ਨੇ ਕੀਰਤਨ ਕੀਤਾ। ਭਾਈ ਨੰਦ ਲਾਲ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਦਾਸ ਤੋਂ ਉਪਰੰਤ ਪ੍ਰਸ਼ਾਦ ਵਰਤਿਆ ਤੇ ਸੰਗਤਾਂ ਨੂੰ ਵਦਾਇਗੀ ਹੋਈ।

ਇਨ੍ਹਾਂ ਦੀਵਾਨਾਂ ਵਿਚ ਸ੍ਰੀ ਹਜ਼ੂਰ ਨੇ ਬੇਅੰਤ ਵਾਰ ਸੰਗਤਾਂ ਨੂੰ ਮੁਖਾਤਬ ਕੀਤਾ। ਹੇਠ ਲਿਖੀਆਂ ਗੱਲਾਂ ਤੇ ਜ਼ੋਰ ਪਾਇਆ—

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਨੇ ਮੁਗਲਾਂ ਦੇ ਸਮੇਂ ਦੇ ਅੰਦਰ ਸਿੱਖ ਕੌਮ ਜੋ ਅਨੇਕਾਂ ਮਨਮਤੀਆਂ ਨਾਲ ਜੁੜੀ ਹੋਈ ਸੀ, ਕੌਮ ਬਾਰਾਂ ਮਿਸਲਾਂ ਵਿਚ ਵੰਡੀ ਹੋਈ ਸੀ। ਪੰਥ ਔਰ ਕੌਮ ਦੇ ਆਗੂ ਆਪਸ ਵਿਚ ਲੜਦੇ ਸਨ। ਆਪਣੀ ਬਜ਼ੁਰਗੀ ਅਤੇ ਗੁਰ ਅੰਸ਼ ਹੁੰਦਿਆਂ ਹੋਇਆਂ ਅਗਵਾਈ ਦਿਤੀ। ਜੋ ਸਿੱਖ ਕੌਮ ਦਾ ਗੁਰੂ ਹਾਜ਼ਰ ਨਾਜ਼ਰ ਬਾਬਾ ਨਾਨਕ ਹਨ। ਉਨ੍ਹਾਂ ਨਾਲ ਸੰਬੰਧਤ ਰਹਿਣਾ ਗੁਰਸਿੱਖਾਂ ਦਾ ਧਰਮ ਹੈ। ਗੁਰੂ ਨਾਨਕ ਪਾਤਸ਼ਾਹ ਲਿਖਤੀ ਰੂਪ ਵਿਚ ਅਪਣਾ ਗਿਆਨ ਸ੍ਰੀ ਗੁਰੂ ਗਰੰਥ ਸਾਹਿਬ ਬਖਸ਼ ਗਏ ਹਨ ਜੋ ਸਾਡੀ ਪੂਰਨ ਰੂਪ ਵਿਚ ਅਗਵਾਈ ਕਰ ਕੇ ਸਿੱਖਾਂ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਂਦੇ ਹਨ। ਜਦ ਇਮਾਨ ਗੁਰਸਿੱਖਾਂ ਦਾ ਇਕ ਤੇ ਆ ਗਿਆ। ਗੁਰੂ ਨਾਨਕ ਪਾਤਸਾਹ ਨਾਲ ਸੰਬੰਧਤ ਹੋ ਗਏ। ਤਦ ਗੁਰਸਿੱਖਾਂ ਦੀ Formidable Force ਬਣ ਗਈ। ਅਤੇ 1801 ਵਿਸਾਖੀ ਵਾਲੇ ਦਿਹਾੜੇ ਆਪਣੇ ਸੇਵਕ ਰਣਜੀਤ ਸਿੰਘ ਨੂੰ ਜਿਸ ਨੂੰ ਬਚਪਨ ਤੋਂ ਪ੍ਰਵਿਰਸ਼ ਬਖਸ਼ੀ ਸੀ, ਤਖਤੋਂ ਤਾਜ ਦਾ ਮਾਲਕ ਬਣਾ ਕੇ ਗੁਰੂ ਦੇ ਸਿੱਖਾਂ ਦੀ ਹਕੂਮਤ ਕਾਇਮ ਕੀਤੀ।

**ਅਜ਼ ਵੀ ਐਸਾ ਹੀ ਭਿਆਨਕ ਸਮਾਂ ਹੈ ਜਿਸ ਵਕਤ ਸਾਡੀ ਕੌਮ ਵੀ ਵੰਡੀ ਹੋਈ ਹੈ। ਇਸ ਦਾ ਇਮਾਨ ਗੁਰੂ ਨਾਨਕ ਪਾਤਸ਼ਾਹ ਤੇ ਲਿਆਣਾ ਜ਼ਰੂਰੀ ਹੈ। ਤਾਂ ਜੋ ਸਤਿਗੁਰੂ ਸਚੇ ਪਾਤਸ਼ਾਹ ਦੀ ਰਹਿਮਤ ਦੇ ਪਾਤਰ ਬਣ ਸਕੀਏ। ਬਾਕੀ ਜ਼ਿਕਰ ਪਹਿਲਾਂ ਸੰਪਾਦਕੀ ਵਿਚ ਆ ਚੁਕਾ ਹੈ। ਜਿਸ ਨੂੰ ਅਪਨਾਉਣ ਦੇ ਨਾਲ ਗੁਰਸਿੱਖ ਸਦਾ ਚੜ੍ਹਦੀਆਂ ਕਲਾਂ ਵਿਚ ਰਹਿ ਸਕਦੇ ਹਨ। ਸਤਿਨਾਮ ਸ੍ਰੀ ਵਾਹਿਗੁਰੂ ਨਾਮ ਚਿੱਤ ਆਵੇ।**

# ਗੁਰ-ਬੰਸਾਵਲੀ

ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ — ਬਾਬਾ ਲਖਮੀ ਦਾਸ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ — ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ — ਬਾਬਾ ਜਗਤ ਚੰਦ ਜੀ — ਬਾਬਾ ਹੰਸ ਰਾਜ ਜੀ — ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿੱਤ ਚੰਦ ਜੀ — ਬਾਬਾ ਪਹਾੜ ਚੰਦ ਜੀ — ਬਾਬਾ ਤਾਰਾ ਚੰਦ ਜੀ — ਬਾਬਾ ਫਤਹਿ ਚੰਦ ਜੀ — ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ — ਬਾਬਾ ਮਨਸਾ ਚੰਦ ਜੀ — ਬਾਬਾ ਆਸਾ ਚੰਦ ਜੀ — ਬਾਬਾ ਸੂਰਜ ਚੰਦ ਜੀ

ਬਾਬਾ ਨਿਹਾਲ ਚੰਦ ਜੀ — ਬਾਬਾ ਹਰਜਸ ਜੀ — ਬਾਬਾ ਦੀਪ ਚੰਦ ਜੀ — ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ — ਬਾਬਾ ਲੱਜਾਧਾਰੀ ਜੀ

ਬਾਬਾ ਕੁਇਰ ਸਿੰਘ ਜੀ — ਬਾਬਾ ਧਰਮ ਸਿੰਘ ਜੀ — ਬਾਬਾ ਅਜੀਤ ਸਿੰਘ ਜੀ — ਬਾਬਾ ਸਾਗਰ ਚੰਦ ਜੀ — ਬਾਬਾ ਅਵਤਾਰ ਚੰਦ ਜੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਕਿਸ਼ਨ ਸਿੰਘ ਜੀ — ਸ੍ਰੀ ਬਾਬਾ ਤੇਗ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਰਾਮਕਿਸ਼ਨ ਸਿੰਘ ਜੀ

1904—1962 ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਜਨਮ 1921 ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ-ਨਸ਼ੀਨ)

ਜਨਮ 1949 ਟਿੱਕਾ ਸਰਬਜੋਤ ਸਿੰਘ ਜੀ

ਜਨਮ 1976 ਟਿੱਕਾ ਅਮਰਜੋਤ ਸਿੰਘ ਜੀ — ਜਨਮ 1982 ਬਾਬਾ ਕਰਮਜੋਤ ਸਿੰਘ ਜੀ

"AJUNI" Mansuran (Ludhiana) Jan., Feb., March 1985 Regd. No. L-6/PLD/103/78

# ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ
# ਧੰਨ ਗੁਰੂ ਨਾਨਕ ਪਾਤਸ਼ਾਹ ਦੀ 16ਵੀਂ ਸੰਤਾਨਕ ਜੋਤ



ਜਿਨਾਂ ਦੀ ਦੇਖ ਰੇਖ ਹੇਠ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਦਿਵਸ 25 ਤੋਂ 28 ਮਾਰਚ 1985 ਨੂੰ ਆਪ ਜੀ ਦੇ ਮਹਿਲ ਊਨਾ ਸਾਹਿਬ ਵਿਖੇ 211 ਅਖੰਡ ਪਾਠਾਂ ਦੀ ਸਮਾਪਤੀ ਨਾਲ ਮਨਾਇਆ ਗਿਆ।